# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਮਿਤੀ 18 ਨਵੰਬਰ, 2015 (ਬੁੱਧਵਾਰ) ਨੂੰ 11.30 ਵਜੇ ਸਵੇਰੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।**

**ਹਾਜ਼ਰ:**

1. ਡਾ. ਅ.ਸ. ਬਰਾੜ, . . . (ਸਭਾਪਤੀ)
   ਉਪ-ਕੁਲਪਤੀ
2. ਡਾ. (ਮਿਸਿਜ਼) ਜਸਮੀਤ ਸੰਧੂ,
   ਡੀਨ, ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ।
3. ਡਾ. ਗੁਰਮੀਤ ਸਿੰਘ,
   ਡੀਨ, ਲੈਂਗੂਏਜ਼ਿਜ਼ ਫੈਕਲਟੀ।
4. ਡਾ. ਰਵੀ ਚਾਂਦ ਸਿੰਘ,
   ਪ੍ਰੋਫੈਸਰ ਅਤੇ ਮੁਖੀ, ਫਿਜ਼ਿਕਸ ਵਿਭਾਗ।
5. ਡਾ. ਸੁਖਦੇਵ ਸਿੰਘ,
   ਪ੍ਰੋਫੈਸਰ ਅਤੇ ਮੁਖੀ, ਅੰਗ੍ਰੇਜ਼ੀ ਵਿਭਾਗ।
6. ਸ਼੍ਰੀਮਤੀ ਭੁਪਿੰਦਰ ਕੌਰ,
   ਪ੍ਰਿੰਸੀਪਲ, ਸਰਕਾਰੀ ਕਾਲਜ, ਗੁਰਦਾਸਪੁਰ।
7. ਪ੍ਰੋ. ਐਸ.ਐਸ. ਗਿੱਲ, ਮੋਹਾਲੀ।
8. ਸ. ਰਜਿੰਦਰ ਮੋਹਨ ਸਿੰਘ ਛੀਨਾ, ਅੰਮ੍ਰਿਤਸਰ।
9. ਡਾ. ਸਤਿਆ ਪੀ. ਗੌਤਮ, ਨਵੀਂ ਦਿੱਲੀ।
10. ਡਾ. ਸ਼ਰਨਜੀਤ ਸਿੰਘ ਢਿੱਲੋਂ, . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਇੱਕਤਰਤਾ ਵਿਚ ਸ਼ਾਮਲ ਹੋਣ ਲਈ ਆਏ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ।

ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ ਸਿੰਡੀਕੇਟ ਉੱਤੇ ਸ. ਲਖਬੀਰ ਸਿੰਘ ਲੋਧੀਨੰਗਲ ਅਤੇ ਡਾ. ਵਿਰਸਾ ਸਿੰਘ ਵਲਟੋਹਾ ਦੀ ਨਵੇਂ ਮੈਂਬਰ ਵਜੋਂ ਨਿਯੁਕਤੀ ਹੋਈ ਹੈ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਪੂਰਣ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 28.8.2015 ਦੀ ਕਾਰਵਾਈ ਦੀ ਪੁਸ਼ਟੀ।**

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਤੀ 28.8.2015 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 28.8.2015 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਮਿਤੀ 28.8.2015 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ।

**ਡਾ. ਰਿਸ਼ੀ ਰਾਜ ਸ਼ਰਮਾ, ਐਸੋਸੀਏਟ ਪ੍ਰੋਫੈਸਰ, ਬਿਜ਼ਨੈਸ ਮੈਨੇਜਮੈਂਟ ਵਿਭਾਗ, ਰਿਜਨਲ ਕੈਂਪਸ, ਗੁਰਦਾਸਪੁਰ ਦੀ ਬਿਜ਼ਨੈਸ ਮੈਨੇਜਮੈਂਟ ਅਤੇ ਕਾਮਰਸ ਵਿਭਾਗ, ਰਿਜਨਲ ਕੈਂਪਸ, ਗੁਰਦਾਸਪੁਰ ਦੇ ਮੁਖੀ ਵਜੋਂ ਨਿਯੁਕਤੀ ਦੀ ਪੁਸ਼ਟੀ।**

3. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ 3 ਅਧੀਨ ਡਾ. ਰਿਸ਼ੀ ਰਾਜ ਸ਼ਰਮਾ, ਐਸੋਸੀਏਟ ਪ੍ਰੋਫੈਸਰ, ਬਿਜ਼ਨੈਸ ਮੈਨੇਜਮੈਂਟ ਵਿਭਾਗ, ਰਿਜਨਲ ਕੈਂਪਸ, ਗੁਰਦਾਸਪੁਰ ਨੂੰ ਉਨ੍ਹਾਂ ਵੱਲੋਂ ਡਿਊਟੀ 'ਤੇ ਹਾਜਰ ਹੋਣ ਦੀ ਮਿਤੀ ਤੋਂ 31.12.2015 ਤੱਕ ਅਤੇ ਮਿਤੀ 1.1.2016 ਤੋਂ 31.12.2018 ਤੱਕ ਬਿਜ਼ਨੈਸ ਮੈਨੇਜਮੈਂਟ ਅਤੇ ਕਾਮਰਸ ਵਿਭਾਗ, ਰਿਜਨਲ ਕੈਂਪਸ, ਗੁਰਦਾਸਪੁਰ ਦਾ ਮੁਖੀ ਨਿਯੁਕਤ ਕੀਤਾ ਹੈ।

**ਸਬੰਧਤ ਅਧਿਆਪਕਾਂ ਦੀ ਮੁੜ ਨਿਯੁਕਤੀ।**

4. ਹੇਠ ਲਿਖੀ ਮੱਦ 'ਤੇ ਵਿਚਾਰ ਸਮੇਂ ਡਾ. (ਮਿਸਿਜ਼) ਜਸਮੀਤ ਸੰਧੂ ਨੇ ਇੱਕਤਰਤਾ ਵਿਚ ਭਾਗ ਨਹੀਂ ਲਿਆ।

**ਪਾਸ ਹੋਇਆ** ਕਿ ਸਿੰਡੀਕੇਟ ਦੀ ਇਕੱਤਰਤਾ ਮਿਤੀ 11.10.2004 ਦੇ ਪੈਰਾ 15 ਦੇ ਅਧਾਰ 'ਤੇ ਹੇਠ ਲਿਖੇ ਅਧਿਆਪਕਾਂ ਨੂੰ ਮਿਤੀ 31.12.2015 ਨੂੰ ਸੇਵਾ-ਮੁਕਤ ਹੋਣ ਉਪਰੰਤ ਮਿਤੀ 1.1.2016 ਤੋਂ 31.12.2017 ਤੱਕ ਦੋ ਸਾਲ ਲਈ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਣਯੋਗ ਬਣਦੀ ਤਨਖਾਹ 'ਤੇ ਮੁੜ-ਨਿਯੁਕਤ ਕੀਤਾ ਜਾਂਦਾ ਹੈ:-

| **ਕ੍ਰਮ ਨੰ:** | **ਅਧਿਆਪਕ ਦਾ ਨਾਮ ਅਤੇ ਅਹੁਦਾ** | **ਵਿਭਾਗ** |
|---|---|---|
| 1. | ਡਾ. ਵਿਕਰਮ ਚੱਢਾ, ਪ੍ਰੋਫੈਸਰ, | ਪੰਜਾਬ ਸਕੂਲ ਆਫ ਇਕਨਾਮਿਕਸ |
| 2. | ਡਾ. ਅਮਰਜੀਤ ਸਿੰਘ ਭੰਵਰ, ਪ੍ਰੋਫੈਸਰ | ਹਿਊਮਨ ਜੈਨੇਟਿਕਸ ਵਿਭਾਗ |
| 3. | ਡਾ. (ਮਿਸਿਜ਼) ਜਸਮੀਤ ਸੰਧੂ, ਪ੍ਰੋਫੈਸਰ | ਸੋਸ਼ਿਆਲੋਜੀ ਵਿਭਾਗ |

**ਸਬੰਧਤ ਅਧਿਆਪਕਾਂ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੇਣ ਦੀ ਪੁਸ਼ਟੀ।**

5. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਅਧਿਆਪਕਾਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਕਾਨਫਰੰਸ ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/-ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ General Development Assistance ਅਧੀਨ XIIth Plan Period ਲਈ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿੱਤੀ ਸਹਾਇਤਾ ਦੀ ਪ੍ਰਵਾਨਗੀ ਦਿੱਤੀ ਹੈ:-

| **ਕ੍ਰਮ ਨੰ:** | **ਅਧਿਆਪਕ ਦਾ ਨਾਮ ਅਤੇ ਵਿਭਾਗ** | **ਕਾਨਫਰੰਸ ਬਾਰੇ ਵੇਰਵਾ** |
|---|---|---|
| 1. | Dr. B.S. Chadha, Professor, Deptt. of Microbiology | BIT's 7th Annual World Congress of Enzyme & Biocatalysis-2016 to be held in |

| | | |
|---|---|---|
| | | Seoul, South Korea from 16-18 March, 2016. |
| 2. | Dr. Jaspal Singh, Associate Professor, Department of Commerce | 13th Global Conference on Business & Economics (GCBE) to be held in University of Oxford, UK from 22-23 November, 2015. |
| 3. | Dr. Varinder Kaur, Assistant Professor, Department of Chemistry | 13th Asian Textile Conference to be held in Geelong, Australia from 03-06 November, 2015. |

**ਸਬੰਧਤ ਅਧਿਆਪਕ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੇਣ ਦੀ ਪ੍ਰਵਾਨਗੀ।**

6. ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਅਧਿਆਪਕ ਨੂੰ, ਉਸ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਕਾਨਫਰੰਸ ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/-ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ General Development Assistance ਅਧੀਨ XIIth Plan Period ਲਈ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿੱਤੀ ਸਹਾਇਤਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

| **ਕ੍ਰਮ ਨੰ:** | **ਅਧਿਆਪਕ ਦਾ ਨਾਮ ਅਤੇ ਵਿਭਾਗ** | **ਕਾਨਫਰੰਸ ਬਾਰੇ ਵੇਰਵਾ** |
|---|---|---|
| 1. | Dr. Vikram Chadha, Professor, Punjab School of Economics | 5th IIMS International Conference on Managing Development in Emerging Economy to be held in University of Xuzhou, China from 01-03 December, 2015. |

**ਡਾ. ਜਗਰੂਪ ਸਿੰਘ ਸੇਖੋਂ, ਪ੍ਰੋਫੈਸਰ ਅਤੇ ਮੁਖੀ, ਪੋਲੀਟੀਕਲ ਸਾਇੰਸ ਵਿਭਾਗ ਦੀ ਡਿਊਟੀ ਲੀਵ ਦੀ ਪੁਸ਼ਟੀ।**

7. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਜਗਰੂਪ ਸਿੰਘ ਸੇਖੋਂ, ਪ੍ਰੋਫੈਸਰ ਅਤੇ ਮੁਖੀ, ਪੋਲੀਟੀਕਲ ਸਾਇੰਸ ਵਿਭਾਗ ਨੂੰ Pakistan Institute of Legislative Development and Transparency, Islamabad (Pakistan) ਵਿਖੇ ਮਿਤੀ 6 ਅਕਤੂਬਰ ਤੋਂ 8 ਅਕਤੂਬਰ, 2015 ਤੱਕ ਹੋ ਰਹੇ Pakistan-India Legislators and Public Officials Dialouge on Governance and Democracy ਵਿਚ XX ਵਿਸ਼ੇ ‘ਤੇ ਪੇਪਰ ਪੇਸ਼ ਕਰਨ ਲਈ ਮਿਤੀ 5.10.2015 ਤੋਂ 9.10.2015 ਤੱਕ ਕੁੱਲ 5 ਦਿਨਾਂ ਦੀ ਡਿਊਟੀ ਲੀਵ (ਸਮੇਤ ਪਿਛੇਤਰੀਆਂ ਛੁੱਟੀਆਂ 10-11.10.2015 (ਸ਼ਨੀਵਾਰ ਅਤੇ ਐਤਵਾਰ)) ਪ੍ਰਦਾਨ ਕੀਤੀ ਹੈ।

(ਅ) ਉਕਤ (ੳ) ਅਧੀਨ ਡਾ. ਜਗਰੂਪ ਸਿੰਘ ਸੇਖੋਂ, ਪ੍ਰੋਫੈਸਰ ਅਤੇ ਮੁਖੀ, ਪੋਲੀਟੀਕਲ ਸਾਇੰਸ ਵਿਭਾਗ ਦੀ ਛੁੱਟੀ ਦੌਰਾਨ ਵਿਭਾਗ ਦੇ ਨਿੱਤਾ ਪ੍ਰਤੀ ਦੇ ਕੰਮ ਦੀ ਜਿੰਮੇਵਾਰੀ ਡੀਨ, ਅਕਾਦਮਿਕ ਮਾਮਲੇ ਨੂੰ ਸੌਂਪੀ ਹੈ।

**ਡਾ. ਮਨੋਜ ਕੁਮਾਰ, ਪ੍ਰੋਫੈਸਰ ਅਤੇ ਮੁਖੀ, ਕੈਮਿਸਟਰੀ ਵਿਭਾਗ ਦੀ ਡਿਊਟੀ ਲੀਵ ਦੀ ਪੁਸ਼ਟੀ।**

8. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਮਨੋਜ ਕੁਮਾਰ, ਪ੍ਰੋਫੈਸਰ ਅਤੇ ਮੁਖੀ, ਕੈਮਿਸਟਰੀ ਵਿਭਾਗ ਨੂੰ Asian Conference on Chemosensors & Imaging Probs, South Korea ਵਿਖੇ ਲੈਕਚਰ ਦੇਣ ਲਈ ਮਿਤੀ 16.11.2015 ਤੋਂ 20.11.2015 ਤੱਕ ਕੁੱਲ 5 ਦਿਨਾਂ ਦੀ ਡਿਊਟੀ ਲੀਵ (ਸਮੇਤ ਅਗੇਤਰੀਆਂ ਛੁੱਟੀਆਂ ਮਿਤੀ 14-15.11.2015 ਅਤੇ ਪਿਛੇਤਰੀਆਂ ਛੁੱਟੀਆਂ 21-22.11.2015 (ਸ਼ਨੀਵਾਰ ਅਤੇ ਐਤਵਾਰ)) ਸਮੇਤ ਦੇਸ਼ ਛੱਡਣ ਦੀ ਆਗਿਆ ਪ੍ਰਦਾਨ ਕੀਤੀ ਹੈ।

(ਅ) ਉਕਤ (ੳ) ਅਧੀਨ ਡਾ. ਮਨੋਜ ਕੁਮਾਰ, ਪ੍ਰੋਫੈਸਰ ਅਤੇ ਮੁਖੀ, ਕੈਮਿਸਟਰੀ ਵਿਭਾਗ ਦੀ ਛੁੱਟੀ ਦੌਰਾਨ ਵਿਭਾਗ ਦੇ ਨਿੱਤਾ ਪ੍ਰਤੀ ਦੇ ਕੰਮ ਦੀ ਜਿੰਮੇਵਾਰੀ ਡਾ. ਸੁਖਪ੍ਰੀਤ ਸਿੰਘ, ਪ੍ਰੋਫੈਸਰ ਨੂੰ ਸੌਂਪੀ ਹੈ।

**ਡਾ. ਸੰਦੀਪ ਸ਼ਰਮਾ, ਪ੍ਰੋਫੈਸਰ ਅਤੇ ਮੁਖੀ, ਕੰਪਿਊਟਰ ਇੰਜੀਨੀਅਰਿੰਗ ਅਤੇ ਟੈਕਨਾਲੋਜੀ ਵਿਭਾਗ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਕਮਾਈ ਛੁੱਟੀ ਦੀ ਪੁਸ਼ਟੀ।**

9. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਸੰਦੀਪ ਸ਼ਰਮਾ, ਪ੍ਰੋਫੈਸਰ ਅਤੇ ਮੁਖੀ, ਕੰਪਿਊਟਰ ਇੰਜੀਨੀਅਰਿੰਗ ਅਤੇ ਟੈਕਨਾਲੋਜੀ ਵਿਭਾਗ ਨੂੰ Shangai (China) ਵਿਖੇ ਹੋ ਰਹੀ Huawei Cloud Conference ਵਿਚ ਲੈਕਚਰ ਦੇਣ ਲਈ ਮਿਤੀ 15.9.2015 ਤੋਂ 19.9.2015 ਤੱਕ ਕੁੱਲ 5 ਦਿਨਾਂ ਦੀ ਕਮਾਈ ਛੁੱਟੀ (ਸਮੇਤ ਪਿਛੇਤਰੀ ਛੁੱਟੀ ਮਿਤੀ 20.9.2015(ਐਤਵਾਰ)) ਸਮੇਤ ਦੇਸ਼ ਛੱਡਣ ਦੀ ਆਗਿਆ ਦਿੱਤੀ ਹੈ।

(ਅ) ਉਕਤ (ੳ) ਅਧੀਨ ਡਾ. ਸੰਦੀਪ ਸ਼ਰਮਾ, ਪ੍ਰੋਫੈਸਰ ਅਤੇ ਮੁਖੀ, ਕੰਪਿਊਟਰ ਇੰਜੀਨੀਅਰਿੰਗ ਅਤੇ ਟੈਕਨਾਲੋਜੀ ਵਿਭਾਗ ਦੀ ਛੁੱਟੀ ਦੌਰਾਨ ਵਿਭਾਗ ਦੇ ਨਿੱਤਾ ਪ੍ਰਤੀ ਦੇ ਕੰਮ ਦੀ ਜਿੰਮੇਵਾਰੀ ਡੀਨ, ਅਕਾਦਮਿਕ ਮਾਮਲੇ ਨੂੰ ਸੌਂਪੀ ਹੈ।

**ਸਬੰਧਤ ਅਧਿਆਪਕਾਂ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਡਿਊਟੀ ਲੀਵ ਦੀ ਪੁਸ਼ਟੀ।**

10. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਅਧਿਆਪਕਾਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਕਾਨਫਰੰਸ ਵਿਚ ਭਾਗ ਲੈਣ ਲਈ ਡਿਊਟੀ ਲੀਵ ਪ੍ਰਦਾਨ ਕੀਤੀ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ ਅਤੇ ਵਿਭਾਗ | ਕਾਨਫਰੰਸ ਬਾਰੇ ਵੇਰਵਾ | ਛੁੱਟੀ ਦੀ ਮਿਤੀ |
|---|---|---|---|
| 1. | Dr. Prabhjeet Singh Rana, Professor, Department of Bio-Technology | India- Egypt Bilateral expert meeting on Agriculture and Enzyme Biotechnology at Cairo, Egypt to be held during October 25-26, 2015. | Duty Leave from 23.10.2015 to 28.10.2015 = 06 days |

| | | | |
|---|---|---|---|
| 2. | Dr. Hardeep Singh, Professor, Department of Food Science & Technology | To attend 2015 Innovative Food Processing Workshop at Taiwan as Guest Speaker | Duty Leave from 23.10.2015 to 30.10.2015 = 08 days (with suffixing holidays 31.10.2015 & 1.11.2015 (Saturday & Sunday)) |
| 3. | Dr. Sukhprit Singh, Professor, Department of Chemistry | To present a paper entitled "Synthesis and Evaluation of Surface properties, antimicrobial activity and cytotoxicity of ester and amide functionalized pyridinium amphiphiles" at the '6th Asian conference of Colloids and Interfaces' to be held at Nagasaki, Japan from 24.11.2015 to 27.11.2015. | Duty Leave from 23.11.2015 to 27.11.2015 = 05 days (with Prefix 22.11.2015 & suffix holidays 28-29.11.2015 (being Saturday & Sunday)) |
| 4. | Dr. Amrinder Singh, Assistant Professor, Department of Sports Medicine & Physiotherapy | 1M-World Congress of Sports & Exercise Medicine to be held in Kuala Lumpur, Malaysia from 04-06 November, 2015. | Duty Leave from 2.11.2015 to 07.11.2015 = 06 days |
| 5. | Dr. Tejwant Singh, Assistant Professor, Department of Chemistry | To Visit Japan for Promotion of Science as a visiting Scientist of "Special Lecture Tour Program" under the Japan-India Cooperative Science Program between Japan Society for the Promotion of Science (JSPS) and Department of Science and Technology, India (DST) without any financial Assistance. | Duty Leave from 30.11.2015 to 9.12.2015 = 10 days and Earned Leave from 10.12.2015 to 11.12.2015 = 02 days (with prefixing holiday of Sunday i.e. 29.11.2015 and suffixing holiday of Saturday i.e. 12.12.2015) |

**ਡਾ. ਅਸ਼ਵਨੀ ਲੂਥਰਾ, ਪ੍ਰੋਫੈਸਰ, ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ ਦੀ ਸਟੱਡੀ ਲੀਵ ਰੱਦ ਕਰਨ ਦੀ ਪ੍ਰਵਾਨਗੀ।**

11. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 29.6.2015 ਦੇ ਪੈਰਾ ਨੰ: 22 ਰਾਹੀਂ ਡਾ. ਅਸ਼ਵਨੀ ਲੂਥਰਾ, ਪ੍ਰੋਫੈਸਰ, ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ ਦੀ Institute of Housing and Urban Development, Netherland ਵਿਖੇ Short Term International Course ਅਟੈਂਡ ਕਰਨ ਲਈ ਜਨਵਰੀ, 2016 ਤੋਂ ਅਪ੍ਰੈਲ, 2016 ਤੱਕ ਤਿੰਨ ਮਹੀਨੇ ਲਈ ਪੂਰੀ ਤਨਖਾਹ 'ਤੇ

ਪ੍ਰਵਾਨ ਹੋਈ ਸਟੱਡੀ ਲੀਵ ਉਨ੍ਹਾਂ (ਡਾ. ਅਸ਼ਵਨੀ ਲੂਥਰਾ) ਦੀ ਮੰਗ ਨੂੰ ਮੁੱਖ ਰੱਖਦਿਆਂ ਰੱਦ ਕੀਤੀ ਜਾਂਦੀ ਹੈ।

**ਡਾ. ਕਰਮਜੀਤ ਸਿੰਘ, ਪ੍ਰੋਫੈਸਰ, ਆਰਕੀਟੈਕਚਰ ਵਿਭਾਗ ਦੀ ਮੁੜ-ਮੁਲਾਂਕਣ ਕੇਂਦਰ ਦੇ ਕੋ-ਆਰਡੀਨੇਟਰ ਵਜੋਂ ਨਿਯੁਕਤੀ ਦੀ ਪੁਸ਼ਟੀ।**

12. ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨ 'ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ ਡਾ. ਕਰਮਜੀਤ ਸਿੰਘ, ਪ੍ਰੋਫੈਸਰ, ਆਰਕੀਟੈਕਚਰ ਵਿਭਾਗ ਨੂੰ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ ਯੂਨੀਵਰਸਿਟੀ ਦੇ ਪ੍ਰੀਖਿਆਵਾਂ ਵਿੰਗ ਵਿਚ ਸਥਾਪਿਤ ਮੁੜ-ਮੁਲਾਂਕਣ ਕੇਂਦਰ ਦਾ ਕੋ-ਆਰਡੀਨੇਟਰ ਨਿਯੁਕਤ ਕੀਤਾ ਹੈ।

**ਪਾਸ ਹੋਇਆ** ਕਿ ਡਾ. ਕਰਮਜੀਤ ਸਿੰਘ, ਪ੍ਰੋਫੈਸਰ, ਆਰਕੀਟੈਕਚਰ ਵਿਭਾਗ ਨੂੰ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ 3500/- ਰੁਪਏ ਪ੍ਰਤੀ ਮਹੀਨਾ ਮਾਣ ਭੱਤੇ 'ਤੇ ਯੂਨੀਵਰਸਿਟੀ ਦੇ ਪ੍ਰੀਖਿਆਵਾਂ ਵਿੰਗ ਵਿਚ ਸਥਾਪਿਤ ਮੁੜ-ਮੁਲਾਂਕਣ ਕੇਂਦਰ ਦਾ ਕੋ-ਆਰਡੀਨੇਟਰ ਨਿਯੁਕਤ ਕੀਤਾ ਜਾਂਦਾ ਹੈ।

**ਡਾ. ਬਰਿੰਦਰ ਕੌਰ, ਪ੍ਰਿੰਸੀਪਲ (ਕੰਟ੍ਰੈਕਟ ਬੇਸਿਜ਼), ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ ਦੇ ਅਸਤੀਫੇ ਅਤੇ ਉਕਤ ਕਾਲਜ ਦਾ ਚਾਰਜ ਸੀਨੀਅਰ ਮੋਸਟ ਅਧਿਆਪਕ ਨੂੰ ਦੇਣ ਦੀ ਪੁਸ਼ਟੀ।**

13. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(i) ਡਾ. ਬਰਿੰਦਰ ਕੌਰ, ਪ੍ਰਿੰਸੀਪਲ (ਕੰਟ੍ਰੈਕਟ ਬੇਸਿਜ਼), ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ ਦਾ ਪ੍ਰਿੰਸੀਪਲ ਦੀ ਅਸਾਮੀ ਤੋਂ ਅਸਤੀਫਾ ਮਿਤੀ 31.8.2015 (ਬਾਅਦ ਦੁਪਹਿਰ) ਤੋਂ ਪ੍ਰਵਾਨ ਕਰਦੇ ਹੋਏ ਉਨ੍ਹਾਂ ਨੂੰ ਮਿਤੀ 31.8.2015 (ਬਾਅਦ ਦੁਪਹਿਰ) ਤੋਂ ਪ੍ਰਿੰਸੀਪਲ ਦੀ ਅਸਾਮੀ ਤੋਂ ਰਿਲੀਵ ਕੀਤਾ ਹੈ।

(ii) ਉਕਤ (i) ਅਧੀਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ ਦਾ ਚਾਰਜ ਮਿਤੀ 1.9.2015 ਤੋਂ ਅਗਲੇ ਆਦੇਸ਼ਾਂ ਤੱਕ ਸ. ਸਰਬਜੀਤ ਸਿੰਘ, ਅਸਿਸਟੈਂਟ ਪ੍ਰੋਫੈਸਰ ਇਨ ਮੈਥੇਮੈਟਿਕਸ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ ਨੂੰ ਦਿੱਤਾ ਹੈ।

(ਅ) ਉਕਤ (ੳ(i)) ਅਧੀਨ ਡਾ. ਬਰਿੰਦਰ ਕੌਰ, ਪ੍ਰਿੰਸੀਪਲ (ਕੰਟ੍ਰੈਕਟ ਬੇਸਿਜ਼), ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ ਨੂੰ ਅਸਤੀਫੇ ਲਈ ਇੱਕ ਮਹੀਨੇ ਦੇ ਨੋਟਿਸ ਪੀਰੀਅਡ ਤੋਂ ਛੋਟ ਦਿੱਤੀ ਜਾਂਦੀ ਹੈ।

**ਡਾ. ਮਨਮੋਹਨ ਸਿੰਘ ਗਿੱਲ, ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।**

14. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਮਨਮੋਹਨ ਸਿੰਘ ਗਿੱਲ, ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ, ਜਿਨ੍ਹਾਂ ਦੀ ਨਿਯੁਕਤੀ ਦੀ ਮਿਆਦ ਮਿਤੀ 31.10.2015 ਨੂੰ ਖਤਮ ਹੋ ਗਈ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ 11 ਮਹੀਨੇ ਲਈ ਵਾਧਾ ਕੀਤਾ ਹੈ।

**ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।**

15. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਸ਼੍ਰੀ ਸੁਖਨੰਦਨ ਸਿੰਘ, ਡਿਪਟੀ ਰਜਿਸਟਰਾਰ (ਸੇਵਾ-ਮੁਕਤ), ਜਿਨ੍ਹਾਂ ਦੀ ਕੰਟ੍ਰੈਕਟ ਬੇਸਿਜ਼ 'ਤੇ ਮੁੜ-ਨਿਯੁਕਤੀ ਦੀ ਮਿਆਦ ਮਿਤੀ 31.10.2015 ਨੂੰ ਖਤਮ ਹੋ ਗਈ ਹੈ, ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਮਿਤੀ 1.11.2015 ਤੋਂ ਛੇ ਮਹੀਨੇ ਲਈ ਵਾਧਾ ਕੀਤਾ ਹੈ।

(ਅ) ਸ਼੍ਰੀ ਪਿਆਰਾ ਸਿੰਘ, ਨਿਗਰਾਨ (ਸੇਵਾ-ਮੁਕਤ), ਦਫਤਰ: ਡੀਨ, ਕਾਲਜ ਵਿਕਾਸ ਕੌਂਸਲ, ਜਿਨ੍ਹਾਂ ਦੀ ਮੁੜ-ਨਿਯੁਕਤੀ ਦੀ ਮਿਆਦ ਮਿਤੀ 3.11.2015 ਨੂੰ ਖਤਮ ਹੋ ਗਈ ਹੈ, ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ 20000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਮਿਤੀ 4.11.2015 ਤੋਂ ਛੇ ਮਹੀਨੇ ਲਈ ਵਾਧਾ ਕੀਤਾ ਹੈ।

(ੲ) ਸ਼੍ਰੀ ਹਰਬੰਸ ਸਿੰਘ, ਵਾਚ ਐਂਡ ਵਾਰਡ ਸੁਪਰਵਾਈਜ਼ਰ (ਸੇਵਾ-ਮੁਕਤ), ਸੁਰੱਖਿਆ ਵਿਭਾਗ ਦੀ ਕੰਟ੍ਰੈਕਟ ਆਧਾਰ 'ਤੇ ਮੁੜ-ਨਿਯੁਕਤੀ ਦੀ ਮਿਆਦ ਵਿਚ ਮਿਤੀ 6.10.2015 ਤੋਂ ਛੇ ਮਹੀਨੇ ਲਈ 20000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਵਾਧਾ ਕੀਤਾ ਹੈ।

(ਸ) ਸ਼੍ਰੀ ਜੋਗਿੰਦਰ ਸਿੰਘ, ਫੋਟੋ-ਸਟੇਟ ਮਸ਼ੀਨ ਓਪਰੇਟਰ-ਕਮ-ਰਿਸਟੋਰਰ-ਕਮ-ਦਫਤਰੀ (ਸੇਵਾ-ਮੁਕਤ), ਰਜਿਸਟਰਾਰ ਦਫਤਰ, ਜਿਸਦੀ ਮੁੜ-ਨਿਯੁਕਤੀ ਦੀ ਮਿਆਦ ਮਿਤੀ 3.10.2015 ਨੂੰ ਖਤਮ ਹੋ ਗਈ ਹੈ, ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ 15,000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ ਛੇ ਮਹੀਨੇ ਲਈ ਵਾਧਾ ਕੀਤਾ ਹੈ।

**ਸਬੰਧਤ ਕੋਚਾਂ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।**

16. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਕੋਚਾਂ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 13.9.2015, 14.9.2015 ਗਜ਼ਟਡ ਛੁੱਟੀ ਅਤੇ 15.9.2015 (working day) ਦੀ ਬ੍ਰੇਕ ਦੇ ਕੇ ਮਿਤੀ 16.9.2015 ਤੋਂ ਛੇ ਮਹੀਨੇ ਲਈ ਜਾਂ ਅਸਾਮੀ ਰੈਗੂਲਰ ਤੌਰ 'ਤੇ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ:-

1. ਸ਼੍ਰੀ ਮਨਜੀਤ ਸਿੰਘ, ਬਾਸਕਟਬਾਲ ਕੋਚ
2. ਸ਼੍ਰੀ ਜਗਦੀਪ ਸਿੰਘ, ਵਾਲੀਬਾਲ ਕੋਚ
3. ਸ਼੍ਰੀ ਲਖਵੀਰ ਸਿੰਘ, ਕਬੱਡੀ/ ਖੋ-ਖੋ ਕੋਚ

**ਸ਼੍ਰੀ ਹਰਪ੍ਰੀਤ ਸਿੰਘ, ਐਥਲੈਟਿਕਸ ਕੋਚ, ਸਪੋਰਟਸ ਵਿਭਾਗ ਦੀ ਬਿਨਾਂ ਤਨਖਾਹ ਅਸਾਧਾਰਣ ਛੁੱਟੀ ਦੀ ਪੁਸ਼ਟੀ।**

17. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ਼੍ਰੀ ਹਰਪ੍ਰੀਤ ਸਿੰਘ, ਐਥਲੈਟਿਕਸ ਕੋਚ, ਸਪੋਰਟਸ ਵਿਭਾਗ ਨੂੰ ਉਸਦੀ ਪਤਨੀ ਦੀ ਦੇਖਭਾਲ ਲਈ USA ਜਾਣ ਲਈ ਮਿਤੀ 5.11.2015 ਤੋਂ 4.4.2016 ਤੱਕ ਕੁੱਲ 152 ਦਿਨਾਂ ਦੀ ਬਿਨਾਂ ਤਨਖਾਹ ਅਸਾਧਾਰਣ ਛੁੱਟੀ ਪ੍ਰਵਾਨ ਕੀਤੀ ਹੈ।

**ਸ਼੍ਰੀਮਤੀ ਤਲਵਿੰਦਰ ਕੌਰ, ਨਿੱਜੀ ਸਹਾਇਕ, ਦਫਤਰ: ਡੀਨ, ਵਿਦਿਆਰਥੀ ਭਲਾਈ ਦੀ ਕਮਾਈ ਛੁੱਟੀ ਦੀ ਪੁਸ਼ਟੀ।**

18. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ਼੍ਰੀਮਤੀ ਤਲਵਿੰਦਰ ਕੌਰ, ਨਿੱਜੀ ਸਹਾਇਕ, ਦਫਤਰ: ਡੀਨ ਵਿਦਿਆਰਥੀ ਭਲਾਈ ਦੀ daughter-in-law ਦੀ ਤਬੀਅਤ ਠੀਕ ਨਾ ਹੋਣ ਕਾਰਨ ਅਤੇ ਹੋਰ ਘਰੇਲੂ ਮਾਮਲਿਆਂ ਸਬੰਧੀ ਬੱਚਿਆਂ ਕੋਲ Canada ਜਾਣ ਲਈ ਮਿਤੀ 20.11.2015 ਤੋਂ 15.1.2016 ਤੱਕ 57 ਦਿਨਾਂ ਦੀ ਕਮਾਈ ਛੁੱਟੀ ਪ੍ਰਵਾਨ ਕੀਤੀ ਹੈ।

**ਯੂਨੀਵਰਸਿਟੀ ਅਧਿਆਪਕਾਂ/ ਅਧਿਕਾਰੀਆਂ/ ਕਰਮਚਾਰੀਆਂ ਦੇ ਲਈ** Group Medical Health Insurance Policy **ਲੈਣ ਲਈ ਗਠਿਤ ਕਮੇਟੀ ਦੀ ਇੱਕਤਰਤਾ ਦੀ ਕਾਰਵਾਈ ਦੀ ਪ੍ਰਵਾਨਗੀ।**

19. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਅਧਿਆਪਕਾਂ/ ਅਧਿਕਾਰੀਆਂ/ ਕਰਮਚਾਰੀਆਂ ਦੇ ਲਈ Group Medical Health Insurance Policy ਲੈਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 26.8.2015 ਦੀ ਕਾਰਵਾਈ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀ ਜਾਂਦੀ ਹੈ।

**ਸਬੰਧਤ ਵਿਭਾਗਾਂ ਦਾ ਨਾਕਾਰਾ ਅਤੇ ਨਾ-ਮੁਰੰਮਤਯੋਗ ਸਮਾਨ ਵੱਟੇ-ਖਾਤੇ ਪਾਉਣ ਦੀ ਪ੍ਰਵਾਨਗੀ।**

20. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਫਿਜ਼ੀਕਲ ਐਜੂਕੇਸ਼ਨ (A.T.) ਵਿਭਾਗ ਵਿਖੇ 1,90,807/- ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉਤੇ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇਕੱਤਰਤਾ ਮਿਤੀ 2.9.2015 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

(ਅ) ਸਪੋਰਟਸ ਮੈਡੀਸਨ ਐਂਡ ਫਿਜ਼ੀਓਥਰਾਪੀ ਵਿਭਾਗ ਵਿਖੇ 7,26,154/- ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007,

ਜਿਲਦ ਪਹਿਲੀ ਦੇ ਪੰਨਾ 131 ਉਤੇ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇਕੱਤਰਤਾ ਮਿਤੀ 2.9.2015 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

Certificate/ Diploma Course in Clinical Diagnostic Techniques **ਦੇ ਅਧਿਆਦੇਸ਼ਾਂ ਦੀ ਪ੍ਰਵਾਨਗੀ।**

21. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 28.1.2015 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਚੇਅਰਮੈਨ ਅਤੇ ਡੀਨ, ਫੈਕਲਟੀ ਆਫ ਸਪੋਰਟਸ ਮੈਡੀਸਨ ਐਂਡ ਫਿਜ਼ੀਓਥਰਾਪੀ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2015-16 ਤੋਂ Certificate/ Diploma Course in Clinical Diagnostic Techniques ਦੇ ਅਧਿਆਦੇਸ਼ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੇ ਜਾਂਦੇ ਹਨ।

**ਬੀ.ਏ.ਕੋਰਸ ਦੇ** Women Empowerment **ਵਿਸ਼ੇ ਨੂੰ** Combinations of Subjects **ਦੇ ਗਰੁੱਪ ਨੰ: 5 ਵਿਚੋਂ ਰੱਦ ਕਰਨ ਅਤੇ ਇਸ ਵਿਸ਼ੇ ਨੂੰ** Open **ਕਰਨ ਦੀ ਪੁਸ਼ਟੀ।**

22. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਚੇਅਰਪਰਸਨ, ਪਾਠ ਸਿੱਖਿਆ ਬੋਰਡ, ਸੋਸ਼ਿਆਲੋਜੀ ਅਤੇ ਡੀਨ, ਫੈਕਲਟੀ ਆਫ ਆਰਟਸ ਐਂਡ ਸੋਸ਼ਲ ਸਾਇੰਸਜ਼ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਬੀ.ਏ. ਕੋਰਸ ਦੇ Women Empowerment ਵਿਸ਼ੇ ਨੂੰ Combinations of Subjects ਦੇ ਗਰੁੱਪ ਨੰ: 5 ਵਿਚੋਂ ਰੱਦ ਕਰਨ ਅਤੇ ਇਸ ਵਿਸ਼ੇ ਨੂੰ Open ਰੱਖਣ ਦੀ ਪ੍ਰਵਾਨਗੀ ਦਿੱਤੀ ਹੈ।

**ਸੈਸ਼ਨ 2015-16 ਤੋਂ ਲਾਇਲਪੁਰ ਖਾਲਸਾ ਕਾਲਜ, ਜਲੰਧਰ ਵਿਖੇ ਬੀ.ਏ. ਕਲਾਸ ਵਿਚ ਮਿਊਜ਼ਿਕ ਵੋਕਲ ਅਤੇ ਤਬਲਾ ਵਿਸ਼ਾ ਇੱਕਠਾ ਪੜ੍ਹਾਉਣ ਦੀ ਪ੍ਰਵਾਨਗੀ।**

23. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਨੇਟ ਦੀ ਇੱਕਤਰਤਾ ਮਿਤੀ 28.8.2015 ਦੇ ਪੈਰਾ ਨੰ: 5(ਗ) ਰਾਹੀਂ ਸੈਸ਼ਨ 2015-16 ਤੋਂ ਲਾਇਲਪੁਰ ਖਾਲਸਾ ਕਾਲਜ, ਜਲੰਧਰ ਵਿਖੇ ਬੀ.ਏ. ਕਲਾਸ ਵਿਚ ਮਿਊਜ਼ਿਕ ਵੋਕਲ ਅਤੇ ਤਬਲਾ ਵਿਸ਼ੇ ਇੱਕਠੇ ਪੜ੍ਹਾਉਣ ਦੀ, ਸਿੰਡੀਕੇਟ ਵੱਲੋਂ ਦਿੱਤੀ ਪ੍ਰਵਾਨਗੀ ਨੂੰ ਮੁੜ-ਵਿਚਾਰਨ ਦੀ ਕੀਤੀ ਸਿਫਾਰਸ਼ 'ਤੇ ਡੀਨ, ਵਿਜ਼ੂਅਲ ਐਂਡ ਪਰਫਾਰਮਿੰਗ ਆਰਟਸ ਅਤੇ ਮੁਖੀ, ਸੰਗੀਤ ਵਿਭਾਗ ਵੱਲੋਂ ਇਸ ਸਬੰਧੀ ਦੁਬਾਰਾ ਵਿਚਾਰ ਅਤੇ ਘੋਖ ਕਰਨ ਉਪਰੰਤ ਬੀ.ਏ. ਕਲਾਸ ਵਿਚ ਉਕਤ ਦੋਵੇਂ ਵਿਸ਼ੇ ਇੱਕਠੇ ਪੜ੍ਹਾਉਣ ਦੀ ਕੀਤੀ ਸਿਫਾਰਸ਼ ਨੂੰ ਪ੍ਰਵਾਨ ਕੀਤਾ ਜਾਂਦਾ ਹੈ।

**ਸੈਸ਼ਨ 2015-16 ਤੋਂ** B.A.LL.B.(FYIC) Semester System (Under Credit Based Continuous Evaluation Grading System) **ਕੋਰਸ ਦੇ ਅਧਿਆਦੇਸ਼ਾਂ ਦੀ ਪ੍ਰਵਾਨਗੀ।**

24. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 28.1.2015 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਹੋਈ ਕਿ ਚੇਅਰਪਰਸਨ, ਬੋਰਡ ਆਫ ਕੰਟ੍ਰੋਲ, ਲਾਅ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2015-16 ਤੋਂ B.A.LL.B.(Hons.) (FYIC) Semester System (Under Credit Based Continuous Evaluation Grading System) ਕੋਰਸ ਦੇ ਅਧਿਆਦੇਸ਼ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੇ ਜਾਣ।

**ਪਾਸ ਹੋਇਆ** ਕਿ ਚੇਅਰਪਰਸਨ, ਬੋਰਡ ਆਫ ਕੰਟ੍ਰੋਲ, ਲਾਅ ਦੀ

ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2015-16 ਤੋਂ B.A.LL.B.(FYIC) Semester System (Under Credit Based Continuous Evaluation Grading System) ਕੋਰਸ ਦੇ ਅਧਿਆਦੇਸ਼ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੇ ਜਾਂਦੇ ਹਨ।

**ਸੈਸ਼ਨ 2015-16 ਤੋਂ** Bachelor of Vocation (B.Voc.) **ਦੇ ਕੋਰਸਾਂ ਲਈ** Bachelor of Vocation (B.Voc.) **ਦੇ** Common **ਅਧਿਆਦੇਸ਼ ਅਤੇ ਯੋਗਤਾ ਸ਼ਰਤ** (Eligibility) **ਲਾਗੂ ਕਰਨ ਦੀ ਪ੍ਰਵਾਨਗੀ।**

25. ਅਕਾਦਮਿਕ ਕੌਂਸਲ ਦੀ ਇਕੱਤਰਤਾ ਮਿਤੀ 28.1.2015 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਬੰਧਤ ਬੋਰਡ ਆਫ ਸਟੱਡੀਜ਼ ਕਾਮਰਸ/ ਯੂਨੀਵਰਸਿਟੀ ਬਿਜ਼ਨੈਸ ਸਕੂਲ ਦੇ ਚੇਅਰਮੈਨ ਅਤੇ ਡੀਨ, ਫੈਕਲਟੀ ਆਫ ਇਕਨਾਮਿਕਸ ਐਂਡ ਬਿਜ਼ਨੈਸ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2015-16 ਤੋਂ Bachelor of Vocation (B.Voc.) ਦੇ ਹੇਠ ਲਿਖੇ ਕੋਰਸਾਂ ਲਈ Bachelor of Vocation (B.Voc.) ਦੇ Common ਅਧਿਆਦੇਸ਼ ਅਤੇ ਯੋਗਤਾ ਸ਼ਰਤ (Eligibilty) ਲਾਗੂ ਕੀਤੀ ਜਾਂਦੀ ਹੈ:-

1. Bachelor of Vocation (B.Voc.) (Financial Market and Services)
2. Bachelor of Vocation (B.Voc.) (Retail Management)
3. Bachelor of Vocation (B.Voc.) (Office Management & Secretarial Practices)

**ਹਿੰਦੀ ਪੱਤਰਕਾਰਿਤਾ ਦੇ ਵਿਦਿਆਰਥੀਆਂ ਨੂੰ ਹਿੰਦੀ ਆਨਰਜ਼ ਵਿਸ਼ਾ ਰੱਖਣ ਦੀ ਆਗਿਆ।**

26. ਅਕਾਦਮਿਕ ਕੌਂਸਲ ਦੀ ਇਕੱਤਰਤਾ ਮਿਤੀ 28.1.2015 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਚੇਅਰਪਰਸਨ, ਪਾਠ ਸਿੱਖਿਆ ਬੋਰਡ, ਹਿੰਦੀ ਅਤੇ ਡੀਨ, ਭਾਸ਼ਾਵਾਂ ਫੈਕਲਟੀ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਬੀ.ਏ. ਵਿਚ ਹਿੰਦੀ ਪੱਤਰਕਾਰਿਤਾ ਦੇ ਵਿਦਿਆਰਥੀਆਂ ਨੂੰ ਹਿੰਦੀ ਆਨਰਜ਼ ਵਿਸ਼ਾ ਸਮੈਸਟਰ ਤੀਜਾ/ ਪੰਜਵਾਂ ਵਿਚ ਰੱਖਣ ਦੀ ਆਗਿਆ ਦਿੱਤੀ ਜਾਂਦੀ ਹੈ।

**ਸ਼੍ਰੀਮਤੀ ਸੁਨੀਤਾ, ਸਫਾਈ ਕਰਮਚਾਰਣ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਦੀ** Pre-mature Retirement **ਦੀ ਪ੍ਰਵਾਨਗੀ।**

27. ਸ਼੍ਰੀਮਤੀ ਸੁਨੀਤਾ, ਸਫਾਈ ਕਰਮਚਾਰਣ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਦੀ Pre-mature Retirement ਲੈਣ ਸਬੰਧੀ ਪ੍ਰਾਪਤ ਬੇਨਤੀ ਨੂੰ ਮੁੱਖ ਰੱਖਦਿਆਂ ਹੇਠ ਲਿਖੇ ਅਨੁਸਾਰ ਵਿਚਾਰ ਹੋਈ:-

1. ਸ਼੍ਰੀਮਤੀ ਸੁਨੀਤਾ, ਸਫਾਈ ਕਰਮਚਾਰਣ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਦੀ ਮਿਤੀ 27.8.2015 (FN) ਤੋਂ Pre-mature retirement ਲਈ ਬੇਨਤੀ ਪ੍ਰਵਾਨ ਕਰ ਲਈ ਜਾਵੇ।

2. ਉਸ (ਸੁਨੀਤਾ, ਸਫਾਈ ਕਰਮਚਾਰਣ) ਤੋਂ Pre-mature retirement ਲਈ ਤਿੰਨ ਮਹੀਨੇ ਦੇ ਨੋਟਿਸ ਪੀਰੀਅਡ ਦੇ ਬਦਲੇ ਬਣਦੀ ਰਾਸ਼ੀ ਉਸਦੇ Retiral Benefits ਵਿਚੋਂ ਗ੍ਰੈਚੁਟੀ ਦੀ ਰਾਸ਼ੀ ਵਿਚੋਂ Adjust ਕਰ ਲਈ ਜਾਵੇ।

ਜਾਂ

3. ਉਸ ਵੱਲੋਂ ਕੀਤੀ ਗਈ ਬੇਨਤੀ ਨੂੰ ਮੁੱਖ ਰੱਖਦੇ ਹੋਏ ਉਸ ਨੂੰ Pre-mature retirement ਲਈ ਲੋੜੀਂਦੇ ਤਿੰਨ ਮਹੀਨੇ ਦੇ ਨੋਟਿਸ ਪੀਰੀਅਡ ਤੋਂ ਛੋਟ

ਦੇ ਦਿੱਤੀ ਜਾਵੇ। ਜੇਕਰ ਇਹ ਪ੍ਰਵਾਨ ਹੁੰਦਾ ਹੈ, ਤਾਂ ਨਿਯਮਾਂ ਅਨੁਸਾਰ ਉਸਨੂੰ ਤਿੰਨ ਮਹੀਨੇ ਦੇ ਨੋਟਿਸ ਪੀਰੀਅਡ ਖਤਮ ਹੋਣ ਦੀ ਆਖਰੀ ਮਿਤੀ (26.11.2015) ਤੱਕ ਪੈਨਸ਼ਨ ਕਮਿਊਟ ਕਰਵਾਉਣ ਦੀ ਆਗਿਆ ਨਹੀਂ ਹੋਵੇਗੀ।

**ਪਾਸ ਹੋਇਆ** ਕਿ-

1. ਸ਼੍ਰੀਮਤੀ ਸੁਨੀਤਾ, ਸਫਾਈ ਕਰਮਚਾਰਣ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਦੀ ਮਿਤੀ 27.8.2015 (FN) ਤੋਂ Pre-mature retirement ਲਈ ਬੇਨਤੀ ਪ੍ਰਵਾਨ ਕੀਤੀ ਜਾਂਦੀ ਹੈ।

2. ਉਸ ਵੱਲੋਂ ਕੀਤੀ ਗਈ ਬੇਨਤੀ ਨੂੰ ਮੁੱਖ ਰੱਖਦੇ ਹੋਏ ਉਸ ਨੂੰ Pre-mature retirement ਲਈ ਲੋੜੀਂਦੇ ਤਿੰਨ ਮਹੀਨੇ ਦੇ ਨੋਟਿਸ ਪੀਰੀਅਡ ਤੋਂ ਛੋਟ ਦਿੱਤੀ ਜਾਂਦੀ ਹੈ ਅਤੇ ਨਿਯਮਾਂ ਅਨੁਸਾਰ ਉਸਨੂੰ ਤਿੰਨ ਮਹੀਨੇ ਦੇ ਨੋਟਿਸ ਪੀਰੀਅਡ ਖਤਮ ਹੋਣ ਦੀ ਆਖਰੀ ਮਿਤੀ (26.11.2015) ਤੱਕ ਪੈਨਸ਼ਨ ਕਮਿਊਟ ਕਰਵਾਉਣ ਦੀ ਆਗਿਆ ਨਹੀਂ ਹੋਵੇਗੀ।

**ਸੈਸ਼ਨ 2015-16 ਦੌਰਾਨ ਸਬੰਧਤ ਵਿਦਿਆਰਥੀਆਂ ਨੂੰ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਪੁਸ਼ਟੀ।**

28. ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸੈਸ਼ਨ 2015-16 ਦੌਰਾਨ ਹੇਠ ਲਿਖੇ ਵਿਦਿਆਰਥੀਆਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਖਾਲੀ ਸੀਟਾਂ ਵਿਰੁੱਧ 5000/- ਰੁਪਏ ਲੇਟ ਫੀਸ ਨਾਲ ਅਗਲੀਆਂ ਕਲਾਸਾਂ ਵਿਚ ਪ੍ਰਮੋਟ ਹੋ ਰਹੇ ਵਿਦਿਆਰਥੀਆਂ ਲਈ ਮਿਤੀ 18.8.2015 ਤੱਕ ਦਾਖਲੇ ਦੀ ਆਗਿਆ ਦਿੱਤੀ ਹੈ:-

| ਕ੍ਰਮ ਨੰ: | ਨਾਮ | ਕਲਾਸ |
|---|---|---|
| 1. | Raman | B.Tech. (CE) Sem-3rd, RC, Sathiala |
| 2. | Navdeep Singh | B.Tech.(CSE) Sem-3rd, RC, Sathiala. |

**ਸੈਸ਼ਨ 2015-16 ਦੌਰਾਨ ਸਬੰਧਤ ਵਿਦਿਆਰਥੀਆਂ ਨੂੰ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਪੁਸ਼ਟੀ।**

29. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸੈਸ਼ਨ 2015-16 ਦੌਰਾਨ ਹੇਠ ਲਿਖੇ ਵਿਦਿਆਰਥੀਆਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਖਾਲੀ ਸੀਟਾਂ ਵਿਰੁੱਧ 5000/- ਰੁਪਏ ਲੇਟ ਫੀਸ ਨਾਲ ਅਗਲੀਆਂ ਕਲਾਸਾਂ ਵਿਚ ਪ੍ਰਮੋਟ ਹੋ ਰਹੇ ਵਿਦਿਆਰਥੀਆਂ ਲਈ ਮਿਤੀ 18.8.2015 ਤੱਕ ਦਾਖਲੇ ਦੀ ਆਗਿਆ ਦਿੱਤੀ ਹੈ:-

| ਕ੍ਰਮ ਨੰ: | ਨਾਮ | ਕਲਾਸ |
|---|---|---|
| 1. | Nitin Kaul | B.A.LL.B. (Hons.) FYIC Sem-5th, RC, Jalandhar. |
| 2. | Navjot Kaur | LL.B. (Hons.) TYC, Sem-3rd, RC, Jalandhar. |

**ਸੈਸ਼ਨ 2015-16 ਦੌਰਾਨ ਸਬੰਧਤ ਵਿਦਿਆਰਥੀਆਂ ਨੂੰ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਪੁਸ਼ਟੀ।**

30. ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸੈਸ਼ਨ 2015-16 ਦੌਰਾਨ **ਅੰਤਿਕਾ** ਵਿਚ ਦਰਸਾਏ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਨੂੰ, ਬੀ.ਏ./ਬੀ.ਐਸਸੀ./ਬੀ.ਕਾਮ./ਐਮ.ਏ./ਐਮ.ਐਸਸੀ. ਅਤੇ ਡਿਪਲੋਮਾ ਆਦਿ ਸਮੈਸਟਰ ਦੀਆਂ ਕਲਾਸਾਂ ਵਿਚ ਮਿਤੀ 7.8.2015 ਤੋਂ 13.8.2015 ਤੱਕ ਅਤੇ ਸਲਾਨਾ ਕਲਾਸਾਂ ਵਿਚ ਮਿਤੀ 2.9.2015 ਤੋਂ 11.9.2015 ਤੱਕ ਖਾਲੀ ਸੀਟਾਂ ਵਿਰੁੱਧ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਆਗਿਆ ਦਿੱਤੀ ਹੈ।

Master in Hospital Administration **ਦੀ ਵਿਦਿਆਰਥਣ- ਨਵਜੋਤ ਕੋਰ ਨੂੰ ਤੀਸਰੇ ਸਮੈਸਟਰ ਵਿਚ ਦਾਖਲੇ ਦੀ ਪੁਸ਼ਟੀ।**

31. ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ CWP No. 18925 of 2015 = Navjot Kaur Versus Guru Nanak Dev University, Amritsar and Ors. ਦੇ ਕੇਸ ਵਿਚ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਹੇਠ ਲਿਖੇ ਅੰਤਰਿਮ ਆਦੇਸ਼ਾਂ ਅਨੁਸਾਰ Master in Hospital Administration ਦੀ ਵਿਦਿਆਰਥਣ- ਨਵਜੋਤ ਕੋਰ ਨੂੰ ਤੀਸਰੇ ਸਮੈਸਟਰ ਵਿਚ ਦਾਖਲੇ ਦੀ ਆਗਿਆ ਦਿੱਤੀ ਹੈ :-

"if the petitioner deposits normal fees alongwith the requilsite late fees of Rs. 5000/- which will be subject to the formal sanction of the Syndicate, she will be permitted to attend classes."

**ਡਾ. ਰਾਜ ਕੁਮਾਰ, ਅਸਿਸਟੈਂਟ ਪ੍ਰੋਫੈਸਰ (ਕੰਟ੍ਰੈਕਟ ਬੇਸਿਜ਼), ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ ਦੀ** termination **ਦੀ ਪੁਸ਼ਟੀ।**

32. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ ਵੱਲੋਂ ਡਾ. ਰਾਜ ਕੁਮਾਰ, ਅਸਿਸਟੈਂਟ ਪ੍ਰੋਫੈਸਰ (ਕੰਟ੍ਰੈਕਟ ਬੇਸਿਜ਼), ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ ਪ੍ਰਤੀ ਕੀਤੀ ਰਿਪੋਰਟ, ਜਿਸ ਵਿਚ ਅਧਿਆਪਕ ਵੱਲੋਂ ਗੈਰ-ਹਾਜਰ ਰਹਿਣ, ਕਾਲਜ ਵੱਲੋਂ ਅਧਿਆਪਕ ਨੂੰ ਜਾਰੀ ਕੀਤੇ ਨੋਟਿਸ, ਉਸਨੂੰ ਜਾਰੀ ਕੀਤੀਆਂ ਹਦਾਇਤਾਂ/ ਤਾੜਨਾ ਅਤੇ ਸਬੰਧਤ ਅਧਿਆਪਕ ਵੱਲੋਂ ਦਿੱਤੇ ਜਵਾਬ ਨੂੰ ਡੀਨ, ਅਕਾਦਮਿਕ ਮਾਮਲੇ ਜੀ ਵੱਲੋਂ ਵਾਚਣ ਅਤੇ ਕੇਸ ਦੇ ਸਾਰੇ ਪਹਿਲੂਆਂ 'ਤੇ ਵਿਚਾਰ ਕਰਨ ਉਪਰੰਤ, ਕੀਤੀ ਸਿਫਾਰਸ਼ ਅਤੇ ਕਾਲਜ ਦੇ ਪ੍ਰਿੰਸੀਪਲ ਵੱਲੋਂ ਉਕਤ ਅਧਿਆਪਕ ਵਿਰੁੱਧ ਯੂਨੀਵਰਸਿਟੀ ਨਿਯਮਾਂ ਅਤੇ ਉਸਦੇ ਨਿਯੁਕਤੀ ਪੱਤਰ ਦੀ ਹੇਠ ਲਿਖੀ ਸ਼ਰਤ ਅਨੁਸਾਰ ਬਣਦੀ ਯੋਗ ਕਾਰਵਾਈ ਕਰਨ ਦੀ ਕੀਤੀ ਸਿਫਾਰਸ਼ 'ਤੇ ਡਾ. ਰਾਜ ਕੁਮਾਰ ਨੂੰ with immidiate effect ਤੋਂ terminate ਕੀਤਾ ਹੈ:-

"During this period, your contract can be terminated at any time without any notice and without assigning any reason."

**ਡਾ. ਅਨੁਪਮ, ਪ੍ਰੋਫੈਸਰ, ਹਿਊਮਨ ਜੈਨੇਟਿਕਸ ਵਿਭਾਗ ਨੂੰ ਨਿਯਮਾਂ ਅਨੁਸਾਰ 37400-67000+9000AGP ਵਿਚ ਪਲੇਸ ਅਤੇ ਬਤੌਰ ਐਸੋਸੀਏਟ ਪ੍ਰੋਫੈਸਰ ਰੀਡੈਜ਼ੀਗਨੇਟ ਕਰਨ ਦੀ ਪ੍ਰਵਾਨਗੀ।**

33. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ‘ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਅਨੁਪਮ, ਪ੍ਰੋਫੈਸਰ, ਹਿਊਮਨ ਜੈਨੇਟਿਕਸ ਵਿਭਾਗ ਨੂੰ **ਅੰਤਿਕਾ** ਅਨੁਸਾਰ ਦਰਸਾਈ ਸਥਿਤੀ ਨੂੰ ਮੁੱਖ ਰੱਖਦਿਆਂ ਮਿਤੀ 22.6.2008 ਤੋਂ ਰੀਡਰ ਵਜੋਂ ਪ੍ਰਮੋਟ ਹੋਣ ‘ਤੇ ਮਿਤੀ 22.6.2011 ਨੂੰ ਤਿੰਨ ਸਾਲ ਦਾ ਸਮਾਂ ਪੂਰਾ ਹੋਣ ‘ਤੇ ਨਿਯਮਾਂ ਅਨੁਸਾਰ 37400-67000+9000AGP ਵਿਚ ਪਲੇਸ ਅਤੇ ਬਤੌਰ ਐਸੋਸੀਏਟ ਪ੍ਰੋਫੈਸਰ ਰੀਡੈਜ਼ੀਗਨੇਟ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਸ਼੍ਰੀ ਕੰਵਲਜੀਤ ਸਿੰਘ, ਪੇਂਟਰ ਗ੍ਰੇਡ**-II, **ਉਸਾਰੀ ਵਿਭਾਗ ਨੂੰ** Back wages **ਦੀ ਅਦਾਇਗੀ ਦੀ ਪੁਸ਼ਟੀ।**

34. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਕਾਨੂੰਨੀ ਮਸ਼ੀਰ ਦੀ ਹੇਠ ਲਿਖੀ ਰਾਏ ਨੂੰ ਮੁੱਖ ਰੱਖਦਿਆਂ ਸ਼੍ਰੀ ਕੰਵਲਜੀਤ ਸਿੰਘ, ਪੇਂਟਰ ਗ੍ਰੇਡ-II, ਉਸਾਰੀ ਵਿਭਾਗ ਦੀ Back wages ਦੀ ਅਦਾਇਗੀ ਰੁਪਏ 3000/- ਪ੍ਰਤੀ ਮਹੀਨਾ ਦੀ ਦਰ ਨਾਲ 12% ਵਿਆਜ ‘ਤੇ ਕਰਨ ਦੀ ਪ੍ਰਵਾਨਗੀ ਦਿੱਤੀ ਹੈ:-

> “I have gone through the case file of Shri Kanwaljit Singh v. GNDU. I am of the considered legal opinion that Sh. Kanwaljit Singh is entitled to take back wages @ 3000/- per month alongwith 12% interest from 28.6.2006 till reinstatement.”

CWP No. 3466 of 2015 **ਦੇ ਸਬੰਧ ਵਿਚ ਜਾਰੀ ਕੀਤੇ** Speaking Order **ਦੀ ਪੁਸ਼ਟੀ।**

35. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ CWP No. 3466 of 2015 ਸਬੰਧੀ ਮਿਤੀ 26.2.2015 ਨੂੰ ਦਿੱਤੀ ਜੱਜਮੈਂਟ ਅਤੇ ਯੂਨੀਵਰਸਿਟੀ ਸਟੈਂਡਿੰਗ ਕੌਂਸਲ-ਕਮ-ਲੀਗਲ-ਕੰਸਲਟੈਂਟ ਦੀ ਰਾਏ ਨੂੰ ਮੁੱਖ ਰੱਖਦਿਆਂ ਸ਼੍ਰੀ ਬਲਵਿੰਦਰ ਸਿੰਘ, ਸੀਨੀਅਰ ਸਹਾਇਕ ਅਤੇ ਸ਼੍ਰੀ ਤਜਿੰਦਰ ਸਿੰਘ ਮਨੋਚਾ, ਸੀਨੀਅਰ ਸਹਾਇਕ ਨੂੰ **ਅੰਤਿਕਾ** ਅਨੁਸਾਰ Speaking Order ਜਾਰੀ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

**ਸਬੰਧਤ ਉਮੀਦਵਾਰਾਂ ਨੂੰ ਪੀਐਚ.ਡੀ. ਡਿਗਰੀ ਪ੍ਰਦਾਨ ਕਰਨ ਦੀ ਪ੍ਰਵਾਨਗੀ।**

36. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪ੍ਰਦਾਨ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

| **ਕ੍ਰਮ ਨੰ:** | **ਨਾਮ** | **ਥੀਸਿਸ ਦਾ ਸਿਰਲੇਖ** | **ਵਿਸ਼ਾ ਤੇ ਫੈਕਲਟੀ** |
|---|---|---|---|
| 1. | Sanyog Sharma | Synthesis, Characterization, Evaluation and Complexation of chemical Sensors employing Schiff Base Ligands. | Chemistry-Sciences Faculty. |

| | | | |
|---|---|---|---|
| 2. | Neena Bedi | Integration of Intellectual Property Rights and Technology Transfer in Small and Medium Pharma Units for Promoting Innovations. | Pharmaceutical Sciences-<br>Life Sciences Faculty. |
| 3. | Prabhjot Dutta | Identification, Deployment and Interaction of Resources Creating Competitive Advantage in India. | Business Administration-<br>Economics & Business Faculty. |
| 4. | Siya Tuli | Sustainability Reporting in Developing and Developed Economics: A Study of Selected Companies. | Commerce-<br>Economics & Business Faculty. |
| 5. | Nayia Mahajan | Global Integration of Indian Financial System: Opportunities and Challenges. | Economics-<br>Economics & Business Faculty. |
| 6. | Pinky | Sources of Instability, Diversification of Exports and Economic Growth in India. | - do - |
| 7. | Amritpal Kaur | Effect of Plant Protease Inhibitors on Bactrocera cucurbitae (coquillett) (Diptera: Tephritidae) | Zoology-<br>Life Sciences Faculty. |
| 8. | Jasleen Kaur | "ਸੁਰਜੀਤ ਪਾਤਰ- ਕਾਵਿ ਦਾ ਲੋਕਧਾਰਾਈ ਅਧਿਐਨ" | Punjabi-<br>Languages Faculty. |
| 9. | Harpreet Kaur | Isolation and Screening of Soil Fungi for Antibacterial Potential. | Microbiology-<br>Life Sciences Faculty. |
| 10. | Jyotpreet Kaur | Effect of Computer Assisted Instructions on Environmental Awareness and Attitude Towards Environmental Pollution in Secondary School Students. | Education-<br>Education Faculty. |
| 11. | Sandeep Kumar | An Analytical Study of Motor Fitness Components, Anthropometric Characteristics and Motor Educability Among Foil, Sabre and Epee Fencers. | Physical Education-<br>Physical Education Faculty. |

**ਉਪ-ਕੁਲਪਤੀ ਸਾਹਿਬ ਦਾ ਬਿਆਨ।**

37. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ:-

1. ਡਾ. ਐਮ.ਐਸ. ਗਿੱਲ, ਸਾਬਕਾ ਕੇਂਦਰੀ ਮੰਤਰੀ ਜੀ ਨੇ ਏਸ਼ੀਆ ਹਾਊਸ ਵਿਚ ਹੋਰ ਕਲਾਸ ਰੂਮ ਬਨਾਉਣ ਲਈ ਆਪਣੇ ਫੰਡ ਵਿਚੋਂ ਯੂਨੀਵਰਸਿਟੀ ਨੂੰ ਜੋ 50.00 ਲੱਖ ਰੁਪਏ ਦੀ ਰਕਮ ਮਨਜ਼ੂਰ ਕੀਤੀ ਹੈ, ਉਸ ਵਿਚੋਂ 37.50 ਲੱਖ ਰੁਪਏ ਦੀ ਰਕਮ ਦਾ ਚੈੱਕ ਯੂਨੀਵਰਸਿਟੀ ਨੂੰ ਪ੍ਰਾਪਤ ਹੋ ਗਿਆ ਹੈ।

2. ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ ਯੂਨੀਵਰਸਿਟੀ ਨੂੰ ਪੰਜਾਬ ਦੇ ਸਰਹੱਦੀ ਇਲਾਕਿਆਂ 'ਚ ਵਸਦੇ ਲੋਕਾਂ ਦੀ ਰਾਜਨੀਤਿਕ ਅਤੇ ਸਮਾਜਿਕ ਸਥਿਤੀ ਬਾਰੇ ਅਧਿਐਨ ਕਰਨ ਸਬੰਧੀ ਖੋਜ ਪ੍ਰੋਜੈਕਟ ਲਈ 10,67,400/- ਰੁਪਏ ਦੀ ਗ੍ਰਾਂਟ

ਮਨਜ਼ੂਰ ਹੋਈ ਹੈ, ਜਿਸ ਤਹਿਤ ਰਾਜਨੀਤੀ ਵਿਗਿਆਨ ਦੇ ਪ੍ਰੋਫੈਸਰ ਜਗਰੂਪ ਸਿੰਘ ਦੀ ਨਿਗਰਾਨੀ ਹੇਠ ਸਕੂਲ ਆਫ ਸੋਸ਼ਲ ਸਾਇੰਸਜ਼ ਦੀ ਸਹਾਇਕ ਪ੍ਰੋਫੈਸਰ ਅੰਜਲੀ ਮਹਿਰਾ ਅਤੇ ਰਾਜਨੀਤੀ ਵਿਗਿਆਨ ਵਿਭਾਗ, ਬਰਕਲੇ ਯੂਨੀਵਰਸਿਟੀ, ਯੂ.ਐਸ.ਏ. ਦੀ ਸਾਬਕਾ ਸਹਾਇਕ ਪ੍ਰੋਫੈਸਰ ਡਾ. ਹਰਪ੍ਰੀਤ ਕੌਰ ਵਲੋਂ ਸਰਹੱਦੀ ਇਲਾਕੇ ਦੇ ਲੋਕਾਂ ਨੂੰ ਪੂਰੀਆ ਸਹੂਲਤਾਂ ਨਾ ਮਿਲਣ ਕਾਰਨ ਅੱਗੇ ਨਾ ਵੱਧਣ ਬਾਰੇ ਰਿਪੋਰਟ ਤਿਆਰ ਕਰਕੇ ਯੂ.ਜੀ.ਸੀ. ਨੂੰ ਭੇਜੀ ਜਾਵੇਗੀ।

3. ਯੂਨੀਵਰਸਿਟੀ ਬਿਜ਼ਨੈਸ ਸਕੂਲ ਦੀ ਐਸੋਸੀਏਟ ਪ੍ਰੋਫੈਸਰ ਡਾ. ਜਸਵੀਨ ਕੌਰ ਨੂੰ ਯੂ.ਜੀ.ਸੀ. ਵਲੋਂ ਭਾਰਤ ਵਿਚ ਰੀਟੇਲ ਮਾਰਕੀਟ ਸਬੰਧੀ ਖੋਜ ਕਰਨ ਲਈ 10.23 ਲੱਖ ਰੁਪਏ ਦਾ ਰਿਸਰਚ ਪ੍ਰੋਜੈਕਟ ਮਨਜ਼ੂਰ ਹੋਇਆ ਹੈ।

4. The National Academy of Sciences, India ਨੇ ਕੈਮਿਸਟਰੀ ਵਿਭਾਗ ਦੇ ਪ੍ਰੋਫੈਸਰ ਆਰ.ਕੇ. ਮਹਾਜਨ ਨੂੰ ਉਨ੍ਹਾਂ ਵੱਲੋਂ ਕੈਮਿਸਟਰੀ ਦੇ ਖੇਤਰ ਵਿਚ ਪਾਏ ਯੋਗਦਾਨ ਸਦਕਾ Fellow ਚੁਣਿਆ ਹੈ।

5. 29 ਅਗਸਤ ਨੂੰ ਪੰਜਾਬ ਸਰਕਾਰ ਦੇ ਖੇਡ ਵਿਭਾਗ ਵੱਲੋਂ Sports Day ਦੇ ਮੌਕੇ 'ਤੇ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਡਾ. ਸੁਖਦੇਵ ਸਿੰਘ ਨੂੰ ਉਨ੍ਹਾਂ ਦੀਆਂ ਅੰਤਰਰਾਸ਼ਟਰੀ ਪੱਧਰ 'ਤੇ ਖੇਡ ਪ੍ਰਾਪਤੀਆਂ ਲਈ 1.00 ਲੱਖ ਰੁਪਏ ਦਾ ਨਕਦ ਇਨਾਮ ਦਿੱਤਾ ਗਿਆ।

6. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ 27 ਅਗਸਤ, 2015 ਤੋਂ ਲੈ ਕੇ ਹੁਣ ਤੱਕ ਵੱਖ-ਵੱਖ ਨੈਸ਼ਨਲ/ ਮਲਟੀ ਨੈਸ਼ਨਲ ਕੰਪਨੀਆਂ ਵਲੋਂ ਬੈਚ-2016 ਦੇ ਕੁੱਲ 544 ਵਿਦਿਆਰਥੀਆਂ ਨੂੰ ਰੋਜ਼ਗਾਰ ਦੀ ਪੇਸ਼ਕਸ਼ ਕੀਤੀ ਗਈ ਹੈ। Trident Company ਵਲੋਂ ਬੀ.ਟੈਕ. ਟੈਕਸਟਾਈਲ ਕੈਮਿਸਟਰੀ ਦੇ 6 ਵਿਦਿਆਰਥੀਆਂ ਨੂੰ 9.00 ਲੱਖ ਰੁਪਏ ਸਲਾਨਾ ਤਨਖਾਹ 'ਤੇ ਨੌਕਰੀ ਦਿੱਤੀ ਗਈ ਹੈ, ਜੋ ਕਿ ਹੁਣ ਤੱਕ ਦਾ ਸੱਭ ਤੋਂ ਵੱਧ pay package ਹੈ।

7. ਆਲ ਇੰਡੀਆ ਸਰਵਿਸਿਜ਼ ਪ੍ਰੀ-ਐਗਜ਼ਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੇਟਿਵ ਐਗਜ਼ਾਮੀਨੇਸ਼ਨਜ਼ ਦੇ ਯਤਨਾਂ ਸਦਕਾ ਇਸ ਵਾਰ 2 ਵਿਦਿਆਰਥੀਆਂ ਨੇ ਯੂ.ਜੀ.ਸੀ. ਨੈੱਟ ਜੂਨ-2015 ਦੀ ਪ੍ਰੀਖਿਆ ਪਾਸ ਕੀਤੀ ਹੈ। ਇਸ ਤੋਂ ਇਲਾਵਾ 9 ਵਿਦਿਆਰਥੀਆਂ ਨੇ ਵੱਖ-ਵੱਖ ਨੈਸ਼ਨਲ/ ਮਲਟੀ ਨੈਸ਼ਨਲ ਕੰਪਨੀਆਂ ਵਿਚ ਨੌਕਰੀਆਂ ਹਾਸਿਲ ਕੀਤੀਆਂ ਹਨ ਅਤੇ 1 ਵਿਦਿਆਰਥੀ ਨੇ Probationary Officer ਦੀ ਅਸਾਮੀ ਲਈ ਮੁੱਢਲੀ ਪ੍ਰੀਖਿਆ ਪਾਸ ਕੀਤੀ ਹੈ।

8. **ਖੇਡ ਵਿਭਾਗ ਦੀਆਂ ਉਪਲੱਬਧੀਆਂ:-**

- ਯੂਨੀਵਰਸਿਟੀ ਦੇ ਚਾਰ ਖਿਡਾਰੀਆਂ ਨੇ ਇੰਡੋਨੇਸ਼ੀਆ ਵਿਖੇ 8 ਨਵੰਬਰ ਨੂੰ ਹੋਈ Asian Dragon Boat Championship ਵਿਚ ਭਾਰਤ ਦੀ ਨੁਮਾਇੰਦਗੀ ਕੀਤੀ, ਜਿਸ ਵਿਚ ਦੋ ਖਿਡਾਰੀਆਂ ਨੇ ਸਿਲਵਰ ਅਤੇ 1 ਖਿਡਾਰਣ ਨੇ ਬ੍ਰਾਂਜ਼ ਮੈਡਲ ਜਿੱਤਿਆ।
- ਯੂਨੀਵਰਸਿਟੀ ਦੇ ਦੋ ਖਿਡਾਰੀਆਂ ਨੇ ਇੰਡੋਨੇਸ਼ੀਆ ਵਿਖੇ 4-7 ਨਵੰਬਰ ਨੂੰ ਹੋਈ Asian Canoe Sprint Championship ਵਿਚ ਭਾਰਤ ਦੀ ਨੁਮਾਇੰਦਗੀ ਕੀਤੀ।
- 24-27 ਸਤੰਬਰ ਤੱਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਹੋਈ All India Inter-University Road Cycling (Men & Women)

Championship ਵਿੱਚ ਯੂਨੀਵਰਸਿਟੀ ਦੀਆਂ ਪੁਰਸ਼ ਅਤੇ ਮਹਿਲਾ ਟੀਮਾਂ Overall winner ਰਹੀਆਂ।

- ਯੂਨੀਵਰਸਿਟੀ ਵਲੋਂ 16-18 ਅਕਤੂਬਰ ਤੱਕ ਪੌਂਗ ਡੈਮ, ਤਲਵਾੜਾ ਵਿਖੇ ਆਯੋਜਿਤ ਕੀਤੀ ਗਈ All India Inter-University Yachting (Men & Women) Championship, 2015-16 ਵਿੱਚ ਯੂਨੀਵਰਸਿਟੀ ਦੀ Yachting (Men) ਟੀਮ Overall winner ਰਹੀ ਅਤੇ ਉਸਨੇ 2 ਗੋਲਡ ਮੈਡਲ, 1 ਬ੍ਰਾਂਜ਼ ਮੈਡਲ ਅਤੇ Yachting (Women) ਟੀਮ ਨੇ 1 ਗੋਲਡ ਮੈਡਲ ਜਿੱਤਿਆ।
- 20-25 ਅਕਤੂਬਰ ਤੱਕ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਹੋਈ All India Inter-University Aquatics Championship ਵਿੱਚ ਯੂਨੀਵਰਸਿਟੀ ਦੀ Water Polo (Men) Team ਨੇ ਤੀਸਰੀ ਪੁਜੀਸ਼ਨ ਹਾਸਿਲ ਕੀਤੀ ਅਤੇ 1 ਖਿਡਾਰੀ ਨੇ ਗੋਲਡ ਅਤੇ ਸਿਲਵਰ ਮੈਡਲ ਜਿੱਤਿਆ।
- 27 ਅਕਤੂਬਰ ਤੋਂ 1 ਨਵੰਬਰ ਤੱਕ ਚੰਡੀਗੜ੍ਹ ਵਿਖੇ ਹੋਈ Senior National Softball (Women) championship ਵਿੱਚ Punjab State Women Softball Team ਜੇਤੂ ਰਹੀ ਅਤੇ ਗੋਲਡ ਮੈਡਲ ਜਿੱਤਿਆ। ਇਸ ਟੀਮ ਲਈ ਯੂਨੀਵਰਸਿਟੀ ਦੀਆਂ 4 ਖਿਡਾਰਣਾਂ ਚੁਣੀਆਂ ਗਈਆਂ ਸਨ।

9. **ਯੁਵਕ ਭਲਾਈ ਵਿਭਾਗ ਦੀਆਂ ਗਤੀਵਿਧੀਆਂ:-**

- 9-10 ਅਕਤੂਬਰ ਤੱਕ ਯੂਨੀਵਰਸਿਟੀ ਆਫ ਕਸ਼ਮੀਰ, ਸ਼੍ਰੀਨਗਰ ਵੱਲੋਂ 1st Governor's Annual North Zone Debate Competition ਕਰਵਾਇਆ ਗਿਆ, ਜਿਸ ਵਿਚ ਯੂਨੀਵਰਸਿਟੀ ਦੀ Debate Team ਨੇ ਓਵਰਆਲ ਪਹਿਲਾ ਸਥਾਨ ਹਾਸਿਲ ਕੀਤਾ।
- ਸਾਲ 2015-16 ਲਈ ਵਿਭਾਗ ਵਲੋਂ ਜ਼ੋਨਲ ਅਤੇ ਅੰਤਰ-ਜ਼ੋਨਲ ਯੂਥ ਫੈਸਟੀਵਲਜ਼ ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ, ਜਿਸ ਵਿਚ ਯੂਨੀਵਰਸਿਟੀ ਕੈਂਪਸ, ਰਿਜ਼ਨਲ ਕੈਂਪਸਜ਼, ਕਾਂਸਟੀਚੂਐਂਟ ਕਾਲਜਾਂ, ਸੰਬੱਧਤ ਕਾਲਜਾਂ ਅਤੇ ਐਸੋਸੀਏਟ ਕਾਲਜਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।

10. 31 ਅਗਸਤ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਵੱਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਦੇ ਸਬੰਧ ਵਿਚ **ਸਿੱਖ ਸੱਭਿਆਚਾਰ ਦਾ ਸੋਮਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇ** 'ਤੇ ਸੈਮੀਨਾਰ ਕਰਵਾਇਆ ਗਿਆ, ਜਿਸ ਵਿਚ ਸ਼੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜੱਥੇਦਾਰ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਅਤੇ ਸਮਾਰੋਹ ਦਾ ਕੁੰਜੀਵਤ ਭਾਸ਼ਣ ਪਟਿਆਲਾ ਦੇ ਪ੍ਰੋਫੈਸਰ ਬਲਕਾਰ ਸਿੰਘ ਨੇ ਦਿੱਤਾ।

11. 16 ਸਤੰਬਰ ਨੂੰ ਪੰਜਾਬੀ ਅਧਿਐਨ ਸਕੂਲ ਵੱਲੋਂ Literature of Bhai Veer Singh ਵਿਸ਼ੇ 'ਤੇ ਸਰਦਾਰਨੀ ਬਲਬੀਰ ਕੌਰ ਬਰਾੜ ਯਾਦਗਾਰੀ ਲੈਕਚਰ ਕਰਵਾਇਆ ਗਿਆ, ਜੋ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪ੍ਰੋਫੈਸਰ ਜਸਵਿੰਦਰ ਸਿੰਘ ਨੇ ਦਿੱਤਾ।

12. 18-19 ਸਤੰਬਰ ਨੂੰ ਫਿਜ਼ਿਕਸ ਵਿਭਾਗ ਵਲੋਂ ਇੰਡੀਅਨ ਅਕੈਡਮੀ ਆਫ

ਸਾਇੰਸਜ਼, ਇੰਡੀਅਨ ਨੈਸ਼ਨਲ ਸਾਇੰਸ ਅਕੈਡਮੀ ਅਤੇ ਨੈਸ਼ਨਲ ਅਕੈਡਮੀ ਆਫ ਸਾਇੰਸਜ਼ ਦੇ ਸਹਿਯੋਗ ਨਾਲ ਭੌਤਿਕ ਵਿਸ਼ੇ ਦੇ ਖੇਤਰ ਵਿਚ ਨਵੇਂ ਰੁਝਾਨ ਵਿਸ਼ੇ 'ਤੇ ਦੋ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਟਾਟਾ ਇੰਸਟੀਚਿਊਟ ਆਫ ਫੰਡਾਮੈਂਟਲ ਰਿਸਰਚ, ਮੁੰਬਈ ਦੇ ਪ੍ਰੋਫੈਸਰ ਦੀਪਕ ਧਾਰ ਨੇ ਕੁੰਜੀਵਤ ਭਾਸ਼ਣ ਦਿੱਤਾ। ਇਸ ਤੋਂ ਇਲਾਵਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਉਪ-ਕੁਲਪਤੀ ਪ੍ਰੋਫੈਸਰ ਅਰੁਣ ਗਰੋਵਰ ਨੇ ਵੀ ਇਸ ਵਿਸ਼ੇ 'ਤੇ ਆਪਣੇ ਵਿਚਾਰ ਰੱਖੇ।

13. ਮਿਤੀ 15-21 ਅਕਤੂਬਰ ਤੱਕ ਹਿਊਮਨ ਰਿਸੋਰਸ ਡਿਵੈਲਪਮੈਂਟ ਸੈਂਟਰ ਵਿਖੇ Research Methodology for Ph.D./ Post-doctoral Scholars/ teaching faculty ਵਿਸ਼ੇ 'ਤੇ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਪੰਜਾਬ ਅਤੇ ਹੋਰਨਾਂ ਰਾਜਾਂ ਦੇ ਤਕਰੀਬਨ 69 ਅਧਿਆਪਕਾਂ ਅਤੇ ਖੋਜਾਰਥੀਆਂ ਨੇ ਹਿੱਸਾ ਲਿਆ। ਇਸ ਮੌਕੇ 'ਤੇ ਪ੍ਰੋਫੈਸਰ ਸੀ.ਐਲ. ਖੇਤਰਪਾਲ, ਵਾਈਸ ਚੇਆਰਮੈਨ, ਸੰਜੇ ਗਾਂਧੀ ਪੋਸਟ-ਗ੍ਰੈਜੂਏਟ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼, ਲਖਨਊ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ।

14. ਇੰਡੀਅਨ ਕੌਂਸਲ ਫਾਰ ਸੋਸ਼ਲ ਸਾਇੰਸ ਐਂਡ ਰਿਸਰਚ, ਨਾਰਥ-ਵੈਸਟ ਰਿਜਨਲ ਸੈਂਟਰ ਚੰਡੀਗੜ੍ਹ ਦੀ ਸਰਪ੍ਰਸਤੀ ਹੇਠ ਮਿਤੀ 3 ਨਵੰਬਰ ਨੂੰ ਸੋਸ਼ਿਆਲੋਜੀ ਵਿਭਾਗ ਦੇ 40ਵੇਂ ਵਰ੍ਹੇ ਨੂੰ ਸਮਰਪਿਤ ਉੱਤਰੀ-ਪੱਛਮੀ ਭਾਰਤ ਵਿਚ ਜਾਤ, ਵਰਗ, ਲਿੰਗ ਅਸਮਾਨਤਾ ਵਿਸ਼ੇ 'ਤੇ ਰਾਸ਼ਟਰੀ ਕਾਨਫਰੰਸ ਕਰਵਾਈ ਗਈ, ਜਿਸ ਦੀ ਪ੍ਰਧਾਨਗੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਦੇ ਪ੍ਰੋਫੈਸਰ ਸਤਿਆਪਾਲ ਗੌਤਮ ਨੇ ਕੀਤੀ।

15. 6 ਨਵੰਬਰ ਨੂੰ ਬੋਟਾਨੀਕਲ ਐਂਡ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਵੱਲੋਂ ਯੂਨੀਵਰਸਿਟੀ ਦੇ ਪਹਿਲੇ ਉਪ-ਕੁਲਪਤੀ ਸ. ਬਿਸ਼ਨ ਸਿੰਘ ਸਮੁੰਦਰੀ ਦੀ ਯਾਦ ਵਿਚ Innovations in Modern Agriculture : A Relook ਵਿਸ਼ੇ 'ਤੇ ਸ. ਬਿਸ਼ਨ ਸਿੰਘ ਸਮੁੰਦਰੀ ਮੈਮੋਰੀਅਲ ਲੈਕਚਰਰਸ਼ਿਪ ਅਵਾਰਡ ਲੈਕਚਰ ਕਰਵਾਇਆ ਗਿਆ, ਜੋ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਸ. ਜੰਗਬਹਾਦਰ ਸਿੰਘ ਸੰਘਾ ਨੇ ਦਿੱਤਾ। ਇਸ ਮੌਕੇ 'ਤੇ ਸ. ਸੰਘਾ ਨੂੰ ਬਿਸ਼ਨ ਸਿੰਘ ਸਮੁੰਦਰੀ ਅਵਾਰਡ ਨਾਲ ਸਨਮਾਨਿਤ ਵੀ ਕੀਤਾ ਗਿਆ।

**ਸਿੰਡੀਕੇਟ ਨੇ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।**

**ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

38. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਸਬੰਧਤ ਅਧਿਆਪਕਾਂ ਦੀ ਮੁਖੀ ਵਿਭਾਗ ਵਜੋਂ ਨਿਯੁਕਤੀ।**

39. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ 3 ਅਧੀਨ ਹੇਠ ਲਿਖੇ ਅਧਿਆਪਕਾਂ ਨੂੰ, ਉਨ੍ਹਾਂ

ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਸਬੰਧਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਜਾਂਦਾ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ, ਅਹੁਦਾ ਅਤੇ ਵਿਭਾਗ | ਮੁਖੀ ਵਜੋਂ ਨਿਯੁਕਤੀ ਦੀ ਮਿਆਦ |
|---|---|---|
| 1. | ਡਾ. ਸੁਨੀਤਾ ਗੁਪਤਾ, ਪ੍ਰੋਫੈਸਰ, ਮਨੋਵਿਗਿਆਨ ਵਿਭਾਗ | ਮਿਤੀ 1.1.2016 ਤੋਂ ਤਿੰਨ ਸਾਲ ਲਈ |
| 2. | ਡਾ. ਦਲਜੀਤ ਸਿੰਘ ਅਰੋੜਾ, ਪ੍ਰੋਫੈਸਰ, ਮਾਈਕ੍ਰੋਬਿਆਲੋਜੀ ਵਿਭਾਗ | ਮਿਤੀ 1.1.2016 ਤੋਂ 4.12.2016 ਤੱਕ (60 ਸਾਲ ਦੀ ਉਮਰ ਹੋਣ ਤੱਕ) |
| 3. | ਡਾ. ਪੈਮੀ ਮਨਚੰਦਾ, ਪ੍ਰੋਫੈਸਰ, ਗਣਿਤ ਵਿਭਾਗ | ਮਿਤੀ 1.1.2016 ਤੋਂ 11.3.2018 ਤੱਕ (60 ਸਾਲ ਦੀ ਉਮਰ ਹੋਣ ਤੱਕ) |
| 4. | ਡਾ. ਹਰਬੀਰ ਸਿੰਘ ਮਨਕੂ, ਐਸੋਸੀਏਟ ਪ੍ਰੋਫੈਸਰ, ਅੰਗਰੇਜ਼ੀ ਵਿਭਾਗ | ਮਿਤੀ 1.1.2016 ਤੋਂ 12.4.2017 ਤੱਕ (60 ਸਾਲ ਦੀ ਉਮਰ ਹੋਣ ਤੱਕ) |

**ਜਰਨਲਿਜ਼ਮ ਤੇ ਮਾਸ ਕਮਿਊਨੀਕੇਸ਼ਨ ਵਿਭਾਗ ਅਤੇ ਕਾਨੂੰਨ ਵਿਭਾਗ, ਰਿਜਨਲ ਕੈਂਪਸ, ਜਲੰਧਰ ਦੇ ਮੁਖੀ ਦੀ ਨਿਯੁਕਤੀ।**

40. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21-22 ਉੱਤੇ ਦਰਜ ਨਿਯਮਾਂ ਅਧੀਨ ਮਿਤੀ 18.12.2015 ਤੋਂ 31.12.2015 ਤੱਕ ਅਤੇ 1.1.2016 ਤੋਂ ਅਗਲੇ ਆਦੇਸ਼ਾਂ ਤੱਕ ਜਰਨਲਿਜ਼ਮ ਤੇ ਮਾਸ ਕਮਿਊਨੀਕੇਸ਼ਨ ਵਿਭਾਗ ਅਤੇ ਕਾਨੂੰਨ ਵਿਭਾਗ, ਰਿਜਨਲ ਕੈਂਪਸ, ਜਲੰਧਰ ਵਿਚ ਕੋਈ ਹੋਰ ਪ੍ਰੋਫੈਸਰ ਜਾਂ ਐਸੋਸੀਏਟ ਪ੍ਰੋਫੈਸਰ ਨਾ ਹੋਣ ਕਰਕੇ ਉਕਤ ਦੋਵੇਂ ਵਿਭਾਗ ਦੇ ਮੁਖੀ ਦਾ ਚਾਰਜ਼ ਐਸੋਸੀਏਟ ਡੀਨ, ਅਕਾਦਮਿਕ ਮਾਮਲੇ ਅਤੇ ਵਿਦਿਆਰਥੀ ਭਲਾਈ, ਰਿਜਨਲ ਕੈਂਪਸ, ਜਲੰਧਰ ਨੂੰ ਸੌਂਪਿਆ ਜਾਂਦਾ ਹੈ।

**ਡਾ. ਗੁਰਪ੍ਰੀਤ ਬੱਲ, ਪ੍ਰੋਫੈਸਰ, ਸੋਸ਼ਿਆਲੋਜੀ ਵਿਭਾਗ ਦੀ ਮੁਖੀ ਵਿਭਾਗ ਵਜੋਂ ਨਿਯੁਕਤੀ ਦੀ ਪੁਸ਼ਟੀ।**

41. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ 3 ਅਧੀਨ ਡਾ. ਗੁਰਪ੍ਰੀਤ ਬੱਲ, ਪ੍ਰੋਫੈਸਰ, ਸੋਸ਼ਿਆਲੋਜੀ ਵਿਭਾਗ ਨੂੰ ਮਿਤੀ 23.11.2015 ਤੋਂ 31.12.2015 ਤੱਕ ਅਤੇ ਮਿਤੀ 1.1.2016 ਤੋਂ ਤਿੰਨ ਸਾਲ ਲਈ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

**ਸੈਸ਼ਨ 2015-16 ਦੌਰਾਨ ਨਾਨ-ਨੈੱਟ ਅਧਿਆਪਕਾਂ ਦੀ ਨਿਯੁਕਤੀ ਦੀ nature ਕੰਟ੍ਰੈਕਟ ਬੇਸਿਜ਼ ਦੀ ਬਜਾਏ ਪਾਰਟ ਟਾਈਮ ਬੇਸਿਜ਼ ਫਿਕਸਡ ਸੈਲਰੀ 'ਤੇ ਕਰਨ ਦੀ ਪੁਸ਼ਟੀ।**

42. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਆਡਿਟ ਇਤਰਾਜ ਦੀ ਪੂਰਤੀ ਹਿੱਤ ਸੈਸ਼ਨ 2015-16 ਦੌਰਾਨ ਕੰਟ੍ਰੈਕਟ ਬੇਸਿਜ਼ 'ਤੇ ਨਿਯੁਕਤ ਕੀਤੇ ਨਾਨ-ਨੈੱਟ ਅਧਿਆਪਕਾਂ ਦੀਆਂ ਨਿਯੁਕਤੀਆਂ ਦੀ nature ਨੂੰ 'ਕੰਟ੍ਰੈਕਟ ਬੇਸਿਜ਼' ਦੀ ਬਜਾਏ 'ਪਾਰਟ ਟਾਈਮ ਬੇਸਿਜ਼ (ਫਿਕਸਡ ਸੈਲਰੀ)' ਤਬਦੀਲ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

**ਡਾ. ਵੰਦਨਾ ਭੱਲਾ, ਅਸਿਸਟੈਂਟ ਪ੍ਰੋਫੈਸਰ, ਕੈਮਿਸਟਰੀ ਵਿਭਾਗ ਦੀ ਡਿਊਟੀ ਲੀਵ ਸਬੰਧੀ।**

43. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਵੰਦਨਾ ਭੱਲਾ, ਅਸਿਸਟੈਂਟ ਪ੍ਰੋਫੈਸਰ, ਕੈਮਿਸਟਰੀ ਵਿਭਾਗ ਦੀ ਸਿੰਡੀਕੇਟ ਦੀ ਇੱਕਤਰਤਾ ਮਿਤੀ 29.6.2015 ਦੇ ਪੈਰਾ ਨੰ: 14(ਅ) ਰਾਹੀਂ South China University of Technology, Guangzhou, China ਵਿਖੇ ਲੈਚਕਰ ਦੇਣ ਲਈ ਮਿਤੀ 14.5.2015 ਤੋਂ 19.5.2015 ਤੱਕ 6 ਦਿਨਾਂ ਲਈ ਪ੍ਰਵਾਨ ਹੋਈ ਡਿਊਟੀ ਲੀਵ ਉਨ੍ਹਾਂ (ਡਾ. ਵੰਦਨਾ ਭੱਲਾ) ਦੀ ਮੰਗ ਨੂੰ ਮੁੱਖ ਰੱਖਦਿਆਂ ਰੱਦ ਕੀਤੀ ਹੈ।

(ਅ) ਡਾ. ਵੰਦਨਾ ਭੱਲਾ, ਅਸਿਸਟੈਂਟ ਪ੍ਰੋਫੈਸਰ, ਕੈਮਿਸਟਰੀ ਵਿਭਾਗ ਨੂੰ ਮਿਤੀ 16.11.2015 ਤੋਂ 18.11.2015 ਤੱਕ South Korea ਵਿਖੇ ਹੋ ਰਹੀ International Conference (Asian Chip-2015) ਵਿਚ Invited talk deliver ਕਰਨ ਲਈ ਮਿਤੀ 16.11.2015 ਤੋਂ 20.11.2015 ਤੱਕ 05 ਦਿਨਾਂ ਦੀ ਡਿਊਟੀ ਲੀਵ (ਸਮੇਤ ਅਗੇਤਰੀਆਂ ਛੁੱਟੀਆਂ ਮਿਤੀ 14-15.11.2015 ਅਤੇ ਪਿਛੇਤਰੀਆਂ ਛੁੱਟੀਆਂ ਮਿਤੀ 21-22.11.2015(ਸ਼ਨੀਵਾਰ ਅਤੇ ਐਤਵਾਰ)) ਪ੍ਰਦਾਨ ਕੀਤੀ ਹੈ।

**ਡਾ. ਸੰਦੀਪ ਦੂਆ, ਪ੍ਰੋਫੈਸਰ, ਆਰਕੀਟੈਕਚਰ ਵਿਭਾਗ ਦੀ ਕਮਾਈ ਛੁੱਟੀ ਦੀ ਪੁਸ਼ਟੀ।**

44. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਸੰਦੀਪ ਦੂਆ, ਪ੍ਰੋਫੈਸਰ, ਆਰਕੀਟੈਕਚਰ ਵਿਭਾਗ ਨੂੰ Pilgrimage to Gurdwaras (Sri Nankana Sahib) ਲਈ ਪਾਕਿਸਤਾਨ ਵਿਖੇ ਜਾਣ ਲਈ ਮਿਤੀ 20.11.2015 ਤੋਂ 27.11.2015 ਤੱਕ ਕੁੱਲ 08 ਦਿਨਾਂ ਦੀ ਕਮਾਈ ਛੁੱਟੀ (ਸਮੇਤ ਪਿਛੇਤਰੀਆਂ ਛੁੱਟੀਆਂ ਮਿਤੀ 28-29.11.2015 (ਸ਼ਨੀਵਾਰ ਅਤੇ ਐਤਵਾਰ)) ਪ੍ਰਦਾਨ ਕੀਤੀ ਹੈ।

**ਰੈਗੂਲੇਸ਼ਨਜ਼ ਕਮੇਟੀ ਦੀ ਇੱਕਤਰਤਾ ਮਿਤੀ 19.10.2015 ਦੀਆਂ ਸਿਫ਼ਾਰਸ਼ਾਂ ਦੀ ਪ੍ਰਵਾਨਗੀ।**

45. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀ ਇੱਕਤਰਤਾ ਮਿਤੀ 19.10.2015 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**ਯੂਨੀਵਰਸਿਟੀ ਵਿਖੇ ਕੁਟੇਸ਼ਨਾਂ ਮੰਗਵਾਕੇ ਜਾਂ ਈ-ਟੈਂਡਰ ਰਾਹੀਂ ਖਰੀਦ ਕਰਨ ਸਬੰਧੀ ਨੀਤੀ ਅਪਨਾਉਣ ਲਈ ਗਠਿਤ ਕਮੇਟੀ ਦੀ ਇੱਕਤਰਤਾ ਦੀ ਕਾਰਵਾਈ ਦੀ ਪ੍ਰਵਾਨਗੀ।**

46. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਵਿਖੇ ਕੁਟੇਸ਼ਨਾਂ ਮੰਗਵਾਕੇ ਜਾਂ ਈ-ਟੈਂਡਰ ਰਾਹੀਂ ਹੇਠ ਲਿਖੇ ਅਨੁਸਾਰ ਖਰੀਦ ਕਰਨ ਸਬੰਧੀ ਨੀਤੀ ਅਪਨਾਉਣ ਦੇ ਮਾਮਲੇ 'ਤੇ ਵਿਚਾਰ ਕਰਨ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 21.9.2015 ਦੀ ਕਾਰਵਾਈ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀ ਜਾਂਦੀ ਹੈ:-

1. Purchase by Inviting Quotation upto Rs. 5,00,000/-.
2. Purchase through e-tendring Rs. 5,00,000/- or above.

**ਯੂ.ਜੀ.ਸੀ.- ਹਿਊਮਨ ਰਿਸੋਰਸ ਡਿਵੈਲਪਮੈਂਟ ਸੈਂਟਰ ਦਾ ਨਾਕਾਰਾ ਅਤੇ ਨਾ-ਮੁਰੰਮਤਯੋਗ ਸਮਾਨ ਵੱਟੇ-ਖਾਤੇ ਪਾਉਣ ਦੀ ਪ੍ਰਵਾਨਗੀ।**

47. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂ.ਜੀ.ਸੀ.- ਹਿਊਮਨ ਰਿਸੋਰਸ ਡਿਵੈਲਪਮੈਂਟ ਸੈਂਟਰ ਵਿਖੇ 10,36,576/- ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉਤੇ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇਕੱਤਰਤਾ ਮਿਤੀ 6.11.2015 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**ਸ਼੍ਰੀ ਹਰਦੀਪ ਸਿੰਘ ਘੁੰਮਣ, ਅਸਿਸਟੈਂਟ ਪ੍ਰੋਫੈਸਰ, ਫਿਜ਼ਿਕਸ, ਜੀ.ਜੀ.ਐਸ. ਖਾਲਸਾ ਕਾਲਜ, ਸਰਹਾਲੀ ਵਿਰੁੱਧ ਡਾ. ਪ੍ਰਵੀਨ ਮਲਿਕ,** NIT, **ਜਲੰਧਰ ਵੱਲੋਂ ਪੁੱਜੀ ਸ਼ਿਕਾਇਤ ਦੇ ਸਬੰਧ ਵਿਚ ਇਨਕੁਆਰੀ ਰਿਪੋਰਟ 'ਤੇ ਕੀਤੀ ਕਾਰਵਾਈ।**

48. ਸਿੰਡੀਕੇਟ ਦੀ ਇੱਕਤਰਤਾ ਮਿਤੀ 26.12.2014 ਦੀ ਕਾਰਵਾਈ ਦੇ ਪੈਰਾ ਨੰ: 43 ਰਾਹੀਂ ਸ਼੍ਰੀ ਹਰਦੀਪ ਸਿੰਘ ਘੁੰਮਣ, ਅਸਿਸਟੈਂਟ ਪ੍ਰੋਫੈਸਰ, ਫਿਜ਼ਿਕਸ, ਜੀ.ਜੀ.ਐਸ. ਖਾਲਸਾ ਕਾਲਜ, ਸਰਹਾਲੀ ਵਿਰੁੱਧ ਡਾ. ਪ੍ਰਵੀਨ ਮਲਿਕ, NIT, ਜਲੰਧਰ ਵੱਲੋਂ Plagiarism ਸਬੰਧੀ ਪੁੱਜੀ ਸ਼ਿਕਾਇਤ 'ਤੇ ਰੈਗੂਲਰ ਇਨਕੁਆਰੀ ਕਰਨ ਸਬੰਧੀ ਸਿੰਡੀਕੇਟ ਦੇ ਹੋਏ ਆਦੇਸ਼ਾਂ ਅਨੁਸਾਰ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਵੱਲੋਂ ਕੀਤੀ ਇਨਕੁਆਰੀ ਦੀ ਰਿਪੋਰਟ 'ਤੇ **ਅੰਤਿਕਾ** ਅਨੁਸਾਰ ਕਾਰਵਾਈ ਕਰਨ 'ਤੇ ਵਿਚਾਰ ਹੋਈ।

**ਪਾਸ ਹੋਇਆ** ਕਿ-

1. ਸ਼੍ਰੀ ਹਰਦੀਪ ਸਿੰਘ ਘੁੰਮਣ, ਅਸਿਸਟੈਂਟ ਪ੍ਰੋਫੈਸਰ, ਫਿਜ਼ਿਕਸ, ਜੀ.ਜੀ.ਐਸ. ਖਾਲਸਾ ਕਾਲਜ, ਸਰਹਾਲੀ ਨੂੰ ਲੈਕਚਰਾਰ (ਅਸਿਸਟੈਂਟ ਪ੍ਰੋਫੈਸਰ) ਲਈ ਯੂਨੀਵਰਸਿਟੀ ਵੱਲੋਂ ਦਿੱਤੀ ਅਪਰੂਵਲ ਰੱਦ ਕੀਤੀ ਜਾਂਦੀ ਹੈ।
2. ਸ਼੍ਰੀ ਹਰਦੀਪ ਸਿੰਘ ਘੁੰਮਣ, ਅਸਿਸਟੈਂਟ ਪ੍ਰੋਫੈਸਰ, ਫਿਜ਼ਿਕਸ, ਜੀ.ਜੀ.ਐਸ. ਖਾਲਸਾ ਕਾਲਜ, ਸਰਹਾਲੀ ਨੂੰ ਯੂਨੀਵਰਸਿਟੀ ਦੇ ਕਿਸੇ ਵੀ ਪ੍ਰਕਾਰ ਦੇ remunerative work ਤੋਂ debar ਕੀਤਾ ਜਾਂਦਾ ਹੈ।
3. ਜੀ.ਜੀ.ਐਸ. ਖਾਲਸਾ ਕਾਲਜ, ਸਰਹਾਲੀ ਦੇ ਪ੍ਰਿੰਸੀਪਲ ਨੂੰ ਹਦਾਇਤ ਕੀਤੀ ਜਾਵੇ ਕਿ ਸ਼੍ਰੀ ਹਰਦੀਪ ਸਿੰਘ ਘੁੰਮਣ, ਅਸਿਸਟੈਂਟ ਪ੍ਰੋਫੈਸਰ, ਫਿਜ਼ਿਕਸ, ਜੀ.ਜੀ.ਐਸ. ਖਾਲਸਾ ਕਾਲਜ, ਸਰਹਾਲੀ ਵਿਰੁੱਧ ਉਕਤ ਫੈਸਲੇ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇ।

**ਸ਼੍ਰੀਮਤੀ ਪ੍ਰਵੀਨ ਕੁਮਾਰੀ, ਜੂਨੀਅਰ ਲਾਇਬ੍ਰੇਰੀ ਅਟੈਂਡੈਂਟ-ਕਮ-ਪੀਅਨ (ਐਡਹਾਕ ਬੇਸਿਜ਼), ਗੁਰੂ ਨਾਨਕ ਭਵਨ ਲਾਇਬ੍ਰੇਰੀ ਨੂੰ** Back wages **ਦੀ ਅਦਾਇਗੀ ਦੀ ਪੁਸ਼ਟੀ।**

49. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਕਾਨੂੰਨੀ ਮਸ਼ੀਰ ਦੀ ਹੇਠ ਲਿਖੀ ਰਾਏ ਨੂੰ ਮੁੱਖ ਰੱਖਦਿਆਂ ਸ਼੍ਰੀਮਤੀ ਪ੍ਰਵੀਨ ਕੁਮਾਰੀ, ਜੂਨੀਅਰ ਲਾਇਬ੍ਰੇਰੀ ਅਟੈਂਡੈਂਟ-ਕਮ-ਪੀਅਨ (ਐਡਹਾਕ ਬੇਸਿਜ਼), ਗੁਰੂ ਨਾਨਕ ਭਵਨ ਲਾਇਬ੍ਰੇਰੀ ਦੀ Back wages ਦੀ ਅਦਾਇਗੀ Pay scale 2520-4140 (ਮੁੱਢਲੀ ਤਨਖਾਹ 2920/- ਰੁਪਏ) ਅਨੁਸਾਰ ਸਮੇਤ 12% ਵਿਆਜ ਦੀ ਦਰ ਨਾਲ ਕਰਨ ਦੀ ਪ੍ਰਵਾਨਗੀ ਦਿੱਤੀ ਹੈ:-

> "I have gone through the case file of Smt. Parveen Kumari v. GNDU. I am of the considered legal opinion that the workman Smt. Parveen Kumari is entitled to take full

back wages from the date of termination of her services from 8.3.2008 till reinstatement in the pay scale of Rs. 2520-4140 alongwith interest @ 12% per annum."

**ਸਬੰਧਤ ਅਧਿਆਪਕਾਂ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਡਿਊਟੀ ਲੀਵ ਦੀ ਪੁਸ਼ਟੀ।**

50. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਅਧਿਆਪਕਾਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਕਾਨਫਰੰਸ ਵਿਚ ਭਾਗ ਲੈਣ ਲਈ ਡਿਊਟੀ ਲੀਵ ਪ੍ਰਦਾਨ ਕੀਤੀ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ ਅਤੇ ਵਿਭਾਗ | ਕਾਨਫਰੰਸ ਬਾਰੇ ਵੇਰਵਾ | ਛੁੱਟੀ ਦੀ ਮਿਤੀ |
|---|---|---|---|
| 1. | Dr. Swapandeep Singh Chimni, Professor, Department of Chemistry | To deliver a lecture at "Chemistry for Humanity" 16th Asian Chemical Congress (16ACC) organized by Bangladesh Chemical Society at Dhaka, Bangladesh from 18-21.11.2015. | Duty Leave from 16.11.2015 to 20.11.2015 = 05 days and Earned Leave from 21.11.2015 to 23.11.2015 (with prefix holidays 14-15.11.2015 (Saturday & Sunday)) |
| 2. | Dr. Jaspal Singh, Assoc. Prof., Deptt. of Commerce | To present a paper at International Conference being held at "Oxford University, UK" from 22-23.11.2015. | Duty Leave from 17.11.2015 to 25.11.2015 = 09 days and Earned Leave from 26.11.2015 to 27.11.2015 = 02 days |
| 3. | Dr. Varinder Kaur, Assistant Professor, Deptt. of Chemistry | To attend 13th Asian Textile International Conference at Australia to be held w.e.f. 3.11.2015 to 6.11.2015. | Duty Leave from 2.11.2015 to 10.11.2015 = 09 days (with Suffixing holidays 11-12.11.2015). |

**ਡਾ. ਸੁਹਿੰਦਰ ਸਿੰਘ, ਸਾਬਕਾ ਪ੍ਰੋਫੈਸਰ (ਮੁੜ-ਨਿਯੁਕਤ), ਸਕੂਲ ਆਫ ਪੰਜਾਬੀ ਸਟੱਡੀਜ਼ ਨੂੰ ਸਰਦੀਆਂ ਦੀਆਂ ਛੁੱਟੀਆਂ ਦੌਰਾਨ ਵਿਦੇਸ਼ ਜਾਣ ਦੀ ਆਗਿਆ ਦੀ ਪੁਸ਼ਟੀ।**

51. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਸੁਹਿੰਦਰ ਸਿੰਘ, ਸਾਬਕਾ ਪ੍ਰੋਫੈਸਰ (ਮੁੜ-ਨਿਯੁਕਤ), ਸਕੂਲ ਆਫ ਪੰਜਾਬੀ ਸਟੱਡੀਜ਼ ਨੂੰ ਸਰਦੀਆਂ ਦੀਆਂ ਛੁੱਟੀਆਂ ਦੌਰਾਨ ਮਿਤੀ 21.12.2015 ਤੋਂ 1.1.2016 ਤੱਕ (ਸਮੇਤ ਅਗੇਤਰੀਆਂ ਛੁੱਟੀਆਂ ਮਿਤੀ 19-20.12.2015 ਅਤੇ ਪਿਛੇਤਰੀਆਂ ਛੁੱਟੀਆਂ ਮਿਤੀ 2-3.1.2016(ਸ਼ਨੀਵਾਰ ਅਤੇ ਐਤਵਾਰ)) ਆਪਣੇ ਪਰਿਵਾਰ ਨੂੰ ਮਿਲਣ ਲਈ ਅਮਰੀਕਾ ਜਾਣ ਦੀ ਆਗਿਆ ਦਿੱਤੀ ਹੈ।

**ਸੈਸ਼ਨ 2015-16 ਤੋਂ** LL.M. (Two Year Course) (UCBCEGS) **ਬੰਦ ਕਰਨ ਅਤੇ** LL.M. (One Year Course) (UCBCEGS) **ਦੀ ਯੋਗਤਾ ਸ਼ਰਤ** (Eligibilty) **ਅਤੇ ਅਧਿਆਦੇਸ਼ਾਂ ਦੀ ਪ੍ਰਵਾਨਗੀ।**

52. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 28.1.2015 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਚੇਅਰਪਰਸਨ, ਬੋਰਡ ਆਫ ਕੰਟ੍ਰੋਲ ਲਾਅ ਅਤੇ ਡੀਨ, ਫੈਕਲਟੀ ਆਫ ਲਾਅ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2015-16 ਤੋਂ LL.M. (Two Year Course) (UCBCEGS) ਬੰਦ ਕੀਤਾ ਜਾਂਦਾ ਹੈ ਅਤੇ ਸੈਸ਼ਨ 2015-16 ਤੋਂ LL.M. (One Year Course) (UCBCEGS) ਸ਼ੁਰੂ ਕਰਨ ਦੀ ਪ੍ਰਵਾਨਗੀ ਅਤੇ **ਅੰਤਿਕਾ** ਅਨੁਸਾਰ ਯੋਗਤਾ ਸ਼ਰਤ ਤੇ ਅਧਿਆਦੇਸ਼ਾਂ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਸਬੰਧਤ ਅਧਿਆਪਕਾਂ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੇਣ ਦੀ ਪੁਸ਼ਟੀ।**

53. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਅਧਿਆਪਕਾਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਕਾਨਫਰੰਸ ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/-ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ General Development Assistance ਅਧੀਨ XIIth Plan Period ਲਈ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿੱਤੀ ਸਹਾਇਤਾ ਦੀ ਪ੍ਰਵਾਨਗੀ ਦਿੱਤੀ ਹੈ:-

| **ਕ੍ਰਮ ਨੰ:** | **ਅਧਿਆਪਕ ਦਾ ਨਾਮ ਅਤੇ ਵਿਭਾਗ** | **ਕਾਨਫਰੰਸ ਬਾਰੇ ਵੇਰਵਾ** |
|---|---|---|
| 1. | Dr. Sukhprit Singh, Professor, Deptt. of Chemistry | To attend 6th Asian Conference on Colloid and Interface Science (ACCIS-2015 Japan) to held in Nagasaki, Japan from 24-27 November, 2015. |
| 2. | Dr. Parminder Singh, Associate Professor, Deptt. of Mathematics | To attend "24th International Conference on Interdisciplinary and Statistical Techniques (IMST 2015 FIM XXIV)" to be held in University of Barcelona, Spain from 18-20, November, 2015. |

**ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ ਦੀ ਨਿਯੁਕਤੀ ਲਈ ਚੋਣ ਕਮੇਟੀ ਦੀਆਂ ਸਿਫਾਰਸ਼ਾਂ ਦੀ ਪ੍ਰਵਾਨਗੀ।**

54. ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ ਦੀ ਨਿਯੁਕਤੀ ਲਈ ਚੋਣ ਕਮੇਟੀ ਦੀਆਂ ਸਿਫਾਰਸ਼ਾਂ ਉੱਤੇ **ਅੰਤਿਕਾ** ਅਨੁਸਾਰ ਵਿਚਾਰ ਹੋਈ।

**ਪਾਸ ਹੋਇਆ** ਕਿ ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ ਦੀ ਨਿਯੁਕਤੀ ਲਈ ਚੋਣ ਕਮੇਟੀ ਵੱਲੋਂ ਸਰਬਸੰਮਤੀ ਨਾਲ ਡਾ. ਅਰਪਨਾ ਸਪੁੱਤਰੀ ਸ਼੍ਰੀ ਓਮ ਪ੍ਰਕਾਸ਼ ਦੇ ਨਾਮ ਦੀ ਕੀਤੀ ਸਿਫਾਰਸ਼ ਪ੍ਰਵਾਨ ਕੀਤੀ ਜਾਂਦੀ ਹੈ।

**ਅਸਿਸਟੈਂਟ ਪ੍ਰੋਫੈਸਰ ਦੀ Stage-I ਤੋਂ Stage-II ਦੀ ਤਰੱਕੀ ਸਬੰਧੀ ਸਕੱਤਰ, ਯੂ.ਜੀ.ਸੀ. ਵੱਲੋਂ ਪ੍ਰਾਪਤ ਨੋਟੀਫਿਕੇਸ਼ਨ ਨੂੰ ਲਾਗੂ ਕਰਨ ਦੀ ਪ੍ਰਵਾਨਗੀ।**

55. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਸਿਸਟੈਂਟ ਪ੍ਰੋਫੈਸਰ ਦੀ Stage-I ਤੋਂ Stage-II ਦੀ ਤਰੱਕੀ ਸਬੰਧੀ ਸਕੱਤਰ, ਯੂ.ਜੀ.ਸੀ. ਵੱਲੋਂ ਪ੍ਰਾਪਤ ਨੋਟੀਫਿਕੇਸ਼ਨ ਨੰ: D.O. No.F.12-1/2010(PS) ਮਿਤੀ 17.8.2015 **(ਅੰਤਿਕਾ-1)** ਅਤੇ ਸੁਪਰਡੈਂਟ, ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ (ਸਿੱਖਿਆ-1 ਸ਼ਾਖਾ), ਚੰਡੀਗੜ੍ਹ ਵੱਲੋਂ ਯੂ.ਜੀ.ਸੀ. ਦੇ ਉਪਰੋਕਤ ਨੋਟੀਫਿਕੇਸ਼ਨ ਰਾਹੀਂ ਦਿੱਤੇ ਦਿਸ਼ਾ-ਨਿਰਦੇਸ਼ ਲਾਗੂ ਕਰਨ ਹਿੱਤ ਪ੍ਰਾਪਤ ਮੀਮੋ ਨੰ: 13/27/2014-4ਸਿ.1/577633/1 ਮਿਤੀ: ਚੰਡੀਗੜ: 01/09/15 (**ਅੰਤਿਕਾ-2**) ਅਨੁਸਾਰ ਯੂ.ਜੀ.ਸੀ. ਦੇ ਉਕਤ ਨੋਟੀਫਿਕੇਸ਼ਨ ਨੂੰ ਲਾਗੂ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਮਿਸ. ਕਿਰਨਦੀਪ ਸੰਧੂ, ਅਸਿਸਟੈਂਟ ਪ੍ਰੋਫੈਸਰ, ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ, ਡਾ. ਰਵਿੰਦਰ ਸਿੰਘ ਸਾਹਨੀ, ਅਸਿਸਟੈਂਟ ਪ੍ਰੋਫੈਸਰ, ਇਲੈਕਟ੍ਰਾਨਿਕਸ ਟੈਕਨਾਲੋਜੀ ਵਿਭਾਗ ਅਤੇ ਡਾ. ਜਸਵੀਨ ਕੌਰ, ਅਸਿਸਟੈਂਟ ਪ੍ਰੋਫੈਸਰ, ਯੂਨੀਵਰਸਿਟੀ ਬਿਜ਼ਨੈਸ ਸਕੂਲ ਨੂੰ ਨਿਯਮਾਂ ਅਨੁਸਾਰ 37400-67000+9000 AGP ਵਿਚ ਪਲੇਸ ਅਤੇ ਬਤੌਰ ਐਸੋਸੀਏਟ ਪ੍ਰੋਫੈਸਰ ਰੀਡੈਜ਼ੀਗਨੇਟ ਕਰਨ ਦੀ ਪ੍ਰਵਾਨਗੀ।**

56. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਹੋਈ ਕਿ ਮਿਸ. ਕਿਰਨਦੀਪ ਸੰਧੂ, ਅਸਿਸਟੈਂਟ ਪ੍ਰੋਫੈਸਰ, ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ, ਡਾ. ਰਵਿੰਦਰ ਸਿੰਘ ਸਾਹਨੀ, ਅਸਿਸਟੈਂਟ ਪ੍ਰੋਫੈਸਰ, ਇਲੈਕਟ੍ਰਾਨਿਕਸ ਟੈਕਨਾਲੋਜੀ ਵਿਭਾਗ ਅਤੇ ਡਾ. ਜਸਵੀਨ ਕੌਰ, ਅਸਿਸਟੈਂਟ ਪ੍ਰੋਫੈਸਰ, ਕਾਮਰਸ ਵਿਭਾਗ ਨੂੰ **ਅੰਤਿਕਾ** ਅਨੁਸਾਰ ਦਰਸਾਈ ਸਥਿਤੀ ਨੂੰ ਮੁੱਖ ਰੱਖਦਿਆਂ, ਲੈਕਚਰਾਰ (ਸਲੈਕਸ਼ਨ ਗ੍ਰੇਡ) ਵਜੋਂ ਪ੍ਰਮੋਟ ਹੋਣ 'ਤੇ ਤਿੰਨ ਸਾਲ ਦਾ ਸਮਾਂ ਪੂਰਾ ਹੋਣ 'ਤੇ ਨਿਯਮਾਂ ਅਨੁਸਾਰ 37400-67000+9000AGP ਵਿਚ ਪਲੇਸ ਅਤੇ ਬਤੌਰ ਐਸੋਸੀਏਟ ਪ੍ਰੋਫੈਸਰ ਰੀਡੈਜ਼ੀਗਨੇਟ ਕੀਤਾ ਜਾਵੇ।

**ਪਾਸ ਹੋਇਆ** ਕਿ ਮਿਸ. ਕਿਰਨਦੀਪ ਸੰਧੂ, ਅਸਿਸਟੈਂਟ ਪ੍ਰੋਫੈਸਰ, ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ, ਡਾ. ਰਵਿੰਦਰ ਸਿੰਘ ਸਾਹਨੀ, ਅਸਿਸਟੈਂਟ ਪ੍ਰੋਫੈਸਰ, ਇਲੈਕਟ੍ਰਾਨਿਕਸ ਟੈਕਨਾਲੋਜੀ ਵਿਭਾਗ ਅਤੇ ਡਾ. ਜਸਵੀਨ ਕੌਰ, ਅਸਿਸਟੈਂਟ ਪ੍ਰੋਫੈਸਰ, ਯੂਨੀਵਰਸਿਟੀ ਬਿਜ਼ਨੈਸ ਸਕੂਲ ਨੂੰ **ਅੰਤਿਕਾ** ਅਨੁਸਾਰ ਦਰਸਾਈ ਸਥਿਤੀ ਨੂੰ ਮੁੱਖ ਰੱਖਦਿਆਂ, ਲੈਕਚਰਾਰ (ਸਲੈਕਸ਼ਨ ਗ੍ਰੇਡ) ਵਜੋਂ ਪ੍ਰਮੋਟ ਹੋਣ 'ਤੇ ਤਿੰਨ ਸਾਲ ਦਾ ਸਮਾਂ ਪੂਰਾ ਹੋਣ 'ਤੇ ਨਿਯਮਾਂ ਅਨੁਸਾਰ 37400-67000+9000AGP ਵਿਚ ਪਲੇਸ ਅਤੇ ਬਤੌਰ ਐਸੋਸੀਏਟ ਪ੍ਰੋਫੈਸਰ ਰੀਡੈਜ਼ੀਗਨੇਟ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਡਾ. ਵਿਕਰਮ ਚੱਢਾ, ਪ੍ਰੋਫੈਸਰ, ਪੰਜਾਬ ਸਕੂਲ ਆਫ ਇਕਨਾਮਿਕਸ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਕਮਾਈ ਛੁੱਟੀ ਦੀ ਪ੍ਰਵਾਨਗੀ।**

57. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਵਿਕਰਮ ਚੱਢਾ, ਪ੍ਰੋਫੈਸਰ, ਪੰਜਾਬ ਸਕੂਲ ਆਫ ਇਕਨਾਮਿਕਸ ਨੂੰ 5th IIMS International Conference, XIT, Xuzhou, China ਵਿਖੇ ਪੇਪਰ present ਕਰਨ ਲਈ ਮਿਤੀ 30.11.2015 ਤੋਂ 10.12.2015 ਤੱਕ ਕੁੱਲ 11 ਦਿਨਾਂ ਦੀ ਕਮਾਈ ਛੁੱਟੀ (ਸਮੇਤ ਅਗੇਤਰੀ ਛੁੱਟੀ ਮਿਤੀ 29.11.2015 (ਐਤਵਾਰ)) ਪ੍ਰਦਾਨ ਕੀਤੀ ਜਾਂਦੀ ਹੈ।

**ਲਾਇਬ੍ਰੇਰੀ ਅਤੇ ਇਨਫਾਰਮੇਸ਼ਨ ਸਾਇੰਸਜ਼ ਵਿਭਾਗ ਦੇ ਮੁਖੀ ਦੀ ਨਿਯੁਕਤੀ।**

58. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 22 ਉੱਤੇ ਦਰਜ ਨਿਯਮਾਂ ਅਧੀਨ ਮਿਤੀ 26.1.2016 ਤੋਂ ਅਗਲੇ ਆਦੇਸ਼ਾਂ ਤੱਕ ਲਾਇਬ੍ਰੇਰੀ ਅਤੇ ਇਨਫਾਰਮੇਸ਼ਨ ਸਾਇੰਸ਼ਜ਼ ਵਿਭਾਗ ਵਿਚ ਕੋਈ ਹੋਰ ਪ੍ਰੋਫੈਸਰ ਜਾਂ ਐਸੋਸੀਏਟ ਪ੍ਰੋਫੈਸਰ ਨਾ ਹੋਣ ਕਰਕੇ ਉਕਤ ਵਿਭਾਗ ਦੇ ਮੁਖੀ ਦਾ ਚਾਰਜ਼ ਡੀਨ, ਆਰਟਸ ਤੇ ਸੋਸ਼ਲ ਸਾਇੰਸ਼ਜ਼ ਫੈਕਲਟੀ ਨੂੰ ਸੌਂਪਿਆ ਜਾਂਦਾ ਹੈ।

**ਸੰਸਕ੍ਰਿਤ, ਪਾਲੀ ਅਤੇ ਪ੍ਰਾਕ੍ਰਿਤ ਵਿਭਾਗ ਦਾ ਨਾਕਾਰਾ ਅਤੇ ਨਾ-ਮੁਰੰਮਤਯੋਗ ਸਮਾਨ ਵੱਟੇ-ਖਾਤੇ ਪਾਉਣ ਦੀ ਪ੍ਰਵਾਨਗੀ।**

59. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੰਸਕ੍ਰਿਤ, ਪਾਲੀ ਅਤੇ ਪ੍ਰਾਕ੍ਰਿਤ ਵਿਭਾਗ ਵਿਖੇ 1,34,075-04 ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉਤੇ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇਕੱਤਰਤਾ ਮਿਤੀ 14.10.2015 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**ਸੈਸ਼ਨ 2015-16 ਤੋਂ** B.A.LL.B./B.Com. LL.B. (Five Years Integrated Course) **ਦੇ ਅਧਿਆਦੇਸ਼ਾਂ ਦੀ ਪ੍ਰਵਾਨਗੀ।**

60. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 28.1.2015 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਚੇਅਰਪਰਸਨ, ਬੋਰਡ ਆਫ ਕੰਟ੍ਰੋਲ ਲਾਅ ਅਤੇ ਡੀਨ, ਫੈਕਲਟੀ ਆਫ ਲਾਅ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2015-16 ਤੋਂ B.A.LL.B./B.Com. LL.B. (Five Years Integrated Course) ਦੇ ਅਧਿਆਦੇਸ਼ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੇ ਜਾਂਦੇ ਹਨ।

**ਸ਼੍ਰੀ ਦਵਿੰਦਰ ਪਾਠਕ, ਐਡਵੋਕੇਟ, ਲੀਗਲ ਐਡਵਾਈਜ਼ਰ (ਆਰ.ਟੀ.ਆਈ. ਸੈੱਲ) ਦੀ ਨਿਯੁਕਤੀ ਦੀ ਮਿਆਦ ਵਿਚ ਵਾਧਾ।**

61. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ਼੍ਰੀ ਦਵਿੰਦਰ ਪਾਠਕ, ਐਡਵੋਕੇਟ, ਲੀਗਲ ਐਡਵਾਈਜ਼ਰ (ਆਰ.ਟੀ.ਆਈ. ਸੈੱਲ), ਜਿਨ੍ਹਾਂ ਦੀ ਵਰਤਮਾਨ ਨਿਯੁਕਤੀ ਦੀ ਮਿਆਦ ਮਿਤੀ 30.11.2015 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਇਕ ਸਾਲ ਦਾ ਵਾਧਾ ਕੀਤਾ ਜਾਂਦਾ ਹੈ।

**ਸਬੰਧਤ ਅਧਿਆਪਕ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਡਿਊਟੀ ਲੀਵ ਦੀ ਪੁਸ਼ਟੀ।**

62. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਅਧਿਆਪਕ ਨੂੰ, ਉਸ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਕਾਨਫਰੰਸ ਵਿਚ

ਭਾਗ ਲੈਣ ਲਈ ਡਿਊਟੀ ਲੀਵ ਪ੍ਰਦਾਨ ਕੀਤੀ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ ਅਤੇ ਵਿਭਾਗ | ਕਾਨਫਰੰਸ ਬਾਰੇ ਵੇਰਵਾ | ਛੁੱਟੀ ਦੀ ਮਿਤੀ |
|---|---|---|---|
| 1. | Dr. Parminder Singh, Associate Professor, Department of Mathematics | To present a paper entitled "Closed test procedures for ordered pair wise differences of location parameter of several exponential populations" in the "24th International Conference on Interdisciplinary and Statistical Techniques (IMST 2015 FIM XXIV)" to be held at University of Barcelona, Spain from 18-20.11.2015. | Duty Leave from 17.11.2015 to 23.11.2015 = 07 days |

**ਡਾ. ਅਮਰਦੀਪ ਕੌਰ, ਅਸਿਸਟੈਂਟ ਪ੍ਰੋਫੈਸਰ, ਬਿਜ਼ਨੈਸ ਮੈਨੇਜਮੈਂਟ ਵਿਭਾਗ, ਰਿਜਨਲ ਕੈਂਪਸ, ਗੁਰਦਾਸਪੁਰ ਦੀ ਕਮਾਈ ਛੁੱਟੀ ਦੀ ਪ੍ਰਵਾਨਗੀ।**

63. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਅਮਰਦੀਪ ਕੌਰ, ਅਸਿਸਟੈਂਟ ਪ੍ਰੋਫੈਸਰ, ਬਿਜ਼ਨੈਸ ਮੈਨੇਜਮੈਂਟ ਵਿਭਾਗ, ਰਿਜਨਲ ਕੈਂਪਸ, ਗੁਰਦਾਸਪੁਰ ਨੂੰ Dubai ਵਿਖੇ Family function ਵਿਚ ਸ਼ਾਮਲ ਹੋਣ ਲਈ ਮਿਤੀ 3.12.2015 ਤੋਂ 9.12.2015 ਤੱਕ ਕੁੱਲ 07 ਦਿਨਾਂ ਦੀ ਕਮਾਈ ਛੁੱਟੀ ਪ੍ਰਦਾਨ ਕੀਤੀ ਜਾਂਦੀ ਹੈ।

**ਡਾ. ਰਜਨੀ ਵਰਮਾ, ਐਸੋਸੀਏਟ ਪ੍ਰੋਫੈਸਰ (under Suspension), ਕਾਨੂੰਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਜਲੰਧਰ ਵੱਲੋਂ ਦਿੱਤੇ ਜਵਾਬ 'ਤੇ ਵਿਚਾਰ ਸਬੰਧੀ।**

64. ਡਾ. ਰਜਨੀ ਵਰਮਾ, ਐਸੋਸੀਏਟ ਪ੍ਰੋਫੈਸਰ (under Suspension), ਕਾਨੂੰਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਜਲੰਧਰ ਵੱਲੋਂ LL.B.(Hons.) ਅਤੇ LL.M. (Hons.) Semester-I ਦੀਆਂ ਉੱਤਰ-ਪੱਤਰੀਆਂ Evaluate ਨਾ ਕਰਨ ਕਰਕੇ ਉਸਨੂੰ ਜਾਰੀ ਕੀਤੀ ਚਾਰਜਸ਼ੀਟ (**ਅੰਤਿਕਾ-Appendix-VI)**ਮਿਤੀ 16.7.2012 ਦੀ ਰੋਸ਼ਨੀ ਵਿਚ ਅਤੇ ਇਸ ਕੇਸ ਸਬੰਧੀ ਕਰਵਾਈਆਂ ਗਈਆਂ ਇਨਕੁਆਰੀ ਦੀਆਂ ਰਿਪੋਰਟਾਂ ਮਿਤੀ 30.7.2013 ਅਤੇ 9.2.2015 ਨੂੰ ਘੋਖਦਿਆਂ ਸਿੰਡੀਕੇਟ ਦੀ ਇੱਕਤਰਤਾ ਮਿਤੀ 18.3.2015 ਦੇ ਪੈਰਾ ਨੰ: 61(2) ਰਾਹੀਂ ਹੋਏ ਫੈਸਲੇ ਅਨੁਸਾਰ ਡਾ. ਰਜਨੀ ਵਰਮਾ ਵੱਲੋਂ ਦਿੱਤੇ ਗਏ ਜਵਾਬ (**ਅੰਤਿਕਾ-Appendix-XV**), ਜੋ ਕਿ ਦਫਤਰ ਵਿਚ ਮਿਤੀ 13.5.2015 ਨੂੰ ਪ੍ਰਾਪਤ ਹੋਇਆ ਅਤੇ ਯੂਨੀਵਰਸਿਟੀ ਸਟੈਂਡਿੰਗ ਕੌਂਸਲ ਐਂਡ ਲੀਗਲ ਕੰਸਲਟੈਂਟ ਦੀ ਰਾਇ ਨੂੰ ਮੁੱਖ ਰੱਖਦਿਆਂ ਕੇਸ ਨਾਲ ਸਬੰਧਤ ਪੂਰੀ ਹਿਸਟਰੀ (**ਅੰਤਿਕਾ**), ਇਨਕੁਆਰੀ ਅਫਸਰ Dr. S.S. Chahal ਵੱਲੋਂ ਮਿਤੀ 30.7.2013 ਦੀ ਇਨਕੁਆਰੀ ਰਿਪੋਰਟ-1 (**ਅੰਤਿਕਾ-Appendix-IX**), ਮਿਤੀ 9.2.2015 ਦੀ ਇਨਕੁਆਰੀ ਰਿਪੋਰਟ-2 (**ਅੰਤਿਕਾ-Appendix-XI**) ਦੀ ਰੋਸ਼ਨੀ ਵਿਚ ਡਾ. ਰਜਨੀ ਵਰਮਾ ਵੱਲੋਂ ਦਿੱਤੇ ਗਏ ਜਵਾਬ (**ਅੰਤਿਕਾ (Appendix-XV)**) 'ਤੇ ਵਿਚਾਰ ਹੋਈ।

ਸਿੰਡੀਕੇਟ ਦੇ ਸਮੂਹ ਮੈਂਬਰ ਸਾਹਿਬਾਨ ਵੱਲੋਂ ਸਰਬਸੰਮਤੀ ਨਾਲ ਇਹ ਫੈਸਲਾ ਕੀਤਾ ਗਿਆ ਕਿ ਇਸ ਕੇਸ ਨੂੰ ਡੂੰਘਾਈ ਨਾਲ ਘੋਖਣ ਅਤੇ ਵਿਚਾਰਣ ਲਈ ਹੋਰ ਸਮੇਂ ਦੀ ਜਰੂਰਤ ਹੋਣ ਕਰਕੇ ਇਸ ਮੱਦ ਨੂੰ ਸਿੰਡੀਕੇਟ ਦੀ ਅਗਲੀ ਇੱਕਤਰਤਾ

ਵਿਚ ਮੁੜ ਪੇਸ਼ ਕੀਤਾ ਜਾਵੇ।

**ਡਾ. ਸੁਖਦੇਵ ਸਿੰਘ ਖਾਹਰਾ, ਸਾਬਕਾ ਪ੍ਰੋਫੈਸਰ (ਮੁੜ-ਨਿਯੁਕਤ), ਪੰਜਾਬੀ ਅਧਿਐਨ ਸਕੂਲ ਨੂੰ ਸਰਦੀਆਂ ਦੀਆਂ ਛੁੱਟੀਆਂ ਦੌਰਾਨ ਕੈਨੇਡਾ ਜਾਣ ਦੀ ਆਗਿਆ।**

65. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਸੁਖਦੇਵ ਸਿੰਘ ਖਾਹਰਾ, ਸਾਬਕਾ ਪ੍ਰੋਫੈਸਰ (ਮੁੜ-ਨਿਯੁਕਤ), ਪੰਜਾਬੀ ਅਧਿਐਨ ਸਕੂਲ ਨੂੰ ਸਰਦੀਆਂ ਦੀਆਂ ਛੁੱਟੀਆਂ ਦੌਰਾਨ ਮਿਤੀ 21.12.2015 ਤੋਂ 1.1.2016 ਤੱਕ ਆਪਣੇ ਪਰਿਵਾਰ ਨੂੰ ਮਿਲਣ ਲਈ ਕੈਨੇਡਾ ਜਾਣ ਦੀ ਆਗਿਆ ਦਿੱਤੀ ਜਾਂਦੀ ਹੈ।

**ਸਬੰਧਤ ਉਮੀਦਵਾਰਾਂ ਨੂੰ ਪੀਐਚ.ਡੀ. ਡਿਗਰੀ ਪ੍ਰਦਾਨ ਕਰਨ ਦੀ ਪ੍ਰਵਾਨਗੀ।**

66. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪ੍ਰਦਾਨ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | Mandeep Kaur | ਪੰਜਾਬ ਦੇ ਲੋਕ ਸ਼ਸਤਰ: ਸਭਿਆਚਾਰਕ-ਮਾਨਵਵਿਗਿਆਨਕ ਅਧਿਐਨ। | Punjabi-Languages Faculty. |
| 2. | Sunil Kumar | Synthesis, Characterization and Effect of SHI Irradiation on Transition Metal Doped ZnO Thin Films Prepared by SOL-GEL Method. | Physics-Sciences Faculty. |
| 3. | Gurjot Kaur | Contextualising Colonialism: Brij Narain As an Economic Historian. | History-Arts & Social Sciences Faculty. |
| 4. | Sharanjeet Nijjar | Structure and Functioning of the Board of Administration in the Punjab (1849-1853). | - do - |
| 5. | Anmoldeep Kaur | ਪ੍ਰਿੰ. ਤੇਜਾ ਸਿੰਘ ਦੀ ਸਿੱਖ ਸਾਹਿਤ ਨੂੰ ਦੇਣ | Religious Studies-Humanities & Religious Studies Faculty. |

**ਡਾ. ਸ਼ਵੇਤਾ ਸ਼ਿਨੋਏ, ਐਸੋਸੀਏਟ ਪ੍ਰੋਫੈਸਰ, ਸਪੋਰਟਸ ਮੈਡੀਸਨ ਤੇ ਫਿਜ਼ੀਓਥਰਾਪੀ ਵਿਭਾਗ ਨੂੰ ਸਰਦੀਆਂ ਦੀਆਂ ਛੁੱਟੀਆਂ ਦੌਰਾਨ** Sri Lanka **ਜਾਣ ਦੀ ਆਗਿਆ।**

67. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਸ਼ਵੇਤਾ ਸ਼ਿਨੋਏ, ਐਸੋਸੀਏਟ ਪ੍ਰੋਫੈਸਰ, ਸਪੋਰਟਸ ਮੈਡੀਸਨ ਤੇ ਫਿਜ਼ੀਓਥਰਾਪੀ ਵਿਭਾਗ ਨੂੰ ਸਰਦੀਆਂ ਦੀਆਂ ਛੁੱਟੀਆਂ ਦੌਰਾਨ ਮਿਤੀ 28.12.2015 ਤੋਂ 31.12.2015 ਤੱਕ as a External Examiner for Examinations in Sports Medicine in the University of Colombo, Sri Lanka ਵਿਖੇ ਜਾਣ ਦੀ ਆਗਿਆ ਦਿੱਤੀ ਜਾਂਦੀ ਹੈ।

**ਪੰਜਾਬ ਸਰਕਾਰ ਅਤੇ ਬਾਹਰਲੀਆਂ ਏਜੰਸੀਆਂ ਦੀਆਂ ਅਸਾਮੀਆਂ ਦੀ ਭਰਤੀ ਕਰਨ ਵਾਸਤੇ ਯੂਨੀਵਰਸਿਟੀ ਵਿਖੇ ਇੱਕ Recruitment Cell ਸਥਾਪਿਤ ਕਰਨ ਅਤੇ ਇਸ ਦੇ ਸਟਾਫ ਸਬੰਧੀ।**

68. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ ਅਤੇ ਬਾਹਰਲੀਆਂ ਏਜੰਸੀਆਂ ਦੀਆਂ ਅਸਾਮੀਆਂ ਦੀ ਭਰਤੀ ਕਰਨ ਵਾਸਤੇ ਯੂਨੀਵਰਸਿਟੀ ਵਿਖੇ ਇੱਕ Recruitment Cell ਸਥਾਪਿਤ ਕਰਨ ਅਤੇ ਇਸ ਸੈੱਲ ਦੇ ਕੰਮ ਨੂੰ ਚਲਾਉਣ ਲਈ ਹੇਠ ਲਿਖੇ ਅਨੁਸਾਰ ਸਟਾਫ ਨੂੰ ਸਟੇਟ ਲੈਵਲ ਦੀਆਂ ਮੌਜੂਦਾ ਦਰਾਂ 'ਤੇ ਲਗਾਉਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

1. ਕੋ-ਆਰਡੀਨੇਟਰ - 1
2. ਡਿਪਟੀ ਕੋ-ਆਰਡੀਨੇਟਰ - 1
3. ਐਡਮਿਨਿਸਟ੍ਰੇਟਿਵ ਅਫਸਰ - 1
4. ਸੀਨੀਅਰ ਸਹਾਇਕ/ ਕਲਰਕ-ਕਮ-ਜੂਨੀਅਰ ਡਾਟਾ ਐਂਟਰੀ ਉਪਰੇਟਰ - 2
5. ਦਫਤਰੀ/ ਸੇਵਾਦਾਰ - 2

ਧੰਨਵਾਦ ਦੇ ਮਤੇ ਨਾਲ ਇੱਕਤਰਤਾ ਸਮਾਪਤ ਹੋਈ।

(ਸ਼ਰਨਜੀਤ ਸਿੰਘ ਢਿੱਲੋਂ)
ਰਜਿਸਟਰਾਰ

ਪੱਕੀ ਕੀਤੀ ਗਈ

ਸਹੀ/-

(ਅ.ਸ. ਬਰਾੜ)
ਉਪ-ਕੁਲਪਤੀ